ਅੰਗ ੧੧੧੮ = ਰਾਗ ਕੇਦਾਰਾ = ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੀ ਰਾਗ ਮਾਲਾ ਵਿਚ ਰਾਗ ਕੇਦਾਰਾ ਮੇਘ ਰਾਗ ਦਾ ਪੁਤ੍ਰ ਹੈ। ਪਾਵਸ ਅਤੇ ਮਲਾਰ ਮਿਲ ਕੇ ਕੇਦਾਰਾ ਬਣਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੇਦਾਰਾ ਰਾਗ ਦਾ ੨੩ ਵਾਂ ਨੰਬਰ ਹੈ।

ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ ॥ ਸਤਸੰਗਤਿ ਸਿਉ ਮਿਲਦੋ ਰਹੈ ਸਚੇ ਧਰੇ ਪਿਆਰੁ ॥ (੧੦੮੭)

ਕੇਦਾਰਾ ਮਹਲਾ ੪ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥ ਮੇਰੇ ਮਨ, ਰਾਮ ਨਾਮ ਨਿਤ ਗਾਵੀਐ ਰੇ ॥ ਅਗਮ ਅਗੋਚਰੁ ਨ ਜਾਈ ਹਰਿ ਲਖਿਆ, ਗੁਰੁ ਪੂਰਾ ਮਿਲੈ ਲਖਾਵੀਐ ਰੇ ॥ਰਹਾਉ॥ ਜਿਸੁ ਆਪੇ ਕਿਰਪਾ ਕਰੇ ਮੇਰਾ ਸੁਆਮੀ, ਤਿਸੁ ਜਨ ਕਉ ਹਰਿ ਲਿਵ ਲਾਵੀਐ ਰੇ ॥ ਸਭੁ ਕੋ ਭਗਤਿ ਕਰੇ ਹਰਿ ਕੇਰੀ, ਹਰਿ ਭਾਵੈ ਸੋ ਥਾਇ ਪਾਵੀਐ ਰੇ ॥੧॥ ਹਰਿ ਹਰਿ ਨਾਮੁ ਅਮੋਲਕੁ ਹਰਿ ਪਹਿ, ਹਰਿ ਦੇਵੈ ਤਾ ਨਾਮੁ ਧਿਆਵੀਐ ਰੇ ॥ ਜਿਸ ਨੋ ਨਾਮੁ ਦੇਇ ਮੇਰਾ ਸੁਆਮੀ, ਤਿਸੁ ਲੇਖਾ ਸਭੁ ਛਡਾਵੀਐ ਰੇ ॥੨॥ ਹਰਿ ਨਾਮੁ ਅਰਾਧਹਿ ਸੇ ਧੰਨੁ ਜਨ ਕਹੀਅਹਿ, ਤਿਨ ਮਸਤਕਿ ਭਾਗੁ ਧੁਰਿ ਲਿਖਿ ਪਾਵੀਐ ਰੇ ॥ ਤਿਨ ਦੇਖੇ ਮੇਰਾ ਮਨੁ ਬਿਗਸੈ, ਜਿਉ ਸੁਤੁ ਮਿਲਿ ਮਾਤ ਗਲਿ ਲਾਵੀਐ ਰੇ ॥੩॥ ਹਮ ਬਾਰਿਕ ਹਰਿ ਪਿਤਾ ਪ੍ਰਭ ਮੇਰੇ, ਮੋਕਉ ਦੇਹੁ ਮਤੀ ਜਿਤੁ ਹਰਿ ਪਾਵੀਐ ਰੇ ॥ ਜਿਉ ਬਛੁਰਾ ਦੇਖਿ ਗਊ ਸੁਖੁ ਮਾਨੈ, ਤਿਉ ਨਾਨਕ ਹਰਿ ਗਲਿ ਲਾਵੀਐ ਰੇ ॥੪॥੧॥ ਪ੍ਰਮਾਤਮਾ ਇਕ ਹੈ ਅਤੇ ਉਹ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ। ਹੇ ਮੇਰੇ ਮਨ! ਪ੍ਰਭੂ ਦਾ ਨਾਮ ਹਰ ਰੋਜ ਗਾਉਣਾ (ਸਿਮਰਨਾ) ਚਾਹੀਦਾ ਹੈ। ਮਨ ਬਾਣੀ ਦੀ ਪਹੁੰਚ ਤੋਂ ਪਰੇ ਅਦ੍ਰਿਸ਼ਟ ਪ੍ਰਭੂ ਅਪਣੇ ਆਪ ਕਿਸੇ ਪਾਸੋਂ ਜਾਣਿਆ ਨਹੀਂ ਜਾ ਸਕਦਾ, ਜੇ ਪੂਰਾ ਗੁਰੂ ਮਿਲ ਪਵੇ, ਤਾਂ (ਉਸ ਨੂੰ) ਸਮਝ ਸਕੀਦਾ ਹੈ। ਰਹਾਉ। (ਹੇ ਮੇਰੇ ਮਨ!) ਮੇਰਾ ਮਾਲਕ ਆਪ ਹੀ ਜਿਸ ਉਤੇ ਕ੍ਰਿਪਾ ਕਰਦਾ ਹੈ, ਹਰੀ ਉਸ ਮਨੁੱਖ ਦੀ ਲਿਵ ਅਪਣੇ ਨਾਲ ਲਾ ਲੈਂਦਾ ਹੈ। ਸਭ ਕੋਈ ਹਰੀ ਦੀ ਭਗਤੀ ਕਰਦਾ ਹੈ, ਪਰ ਉਹ ਮਨੁੱਖ (ਪ੍ਰਭੂ ਦੇ ਦਰ ਤੇ) ਪ੍ਰਵਾਨ ਪੈਂਦਾ ਹੈ, ਜਿਸ ਦੀ ਭਗਤੀ ਹਰੀ ਨੂੰ ਚੰਗੀ ਲਗਦੀ ਹੈ। ੧। (ਹੇ ਮੇਰੇ ਮਨ!) ਹਰੀ ਦਾ ਨਾਮ ਅਮੋਲਕ ਹਰੀ ਦੇ ਪਾਸ ਹੈ, ਤਦ ਹੀ ਨਾਮ ਧਿਆਇਆ ਜਾ ਸਕਦਾ ਹੈ, (ਜਦੋਂ) ਹਰੀ ਨਾਮ ਦੀ ਦਾਤ ਦੇਂਦਾ ਹੈ। ਮੇਰਾ ਮਾਲਕ ਜਿਸ ਮਨੁੱਖ ਨੂੰ ਨਾਮ ਦੀ ਦਾਤ ਦੇਂਦਾ ਹੈ, ਉਸ ਦੇ ਕੀਤੇ ਕਰਮਾਂ ਦਾ ਸਾਰਾ ਲੇਖਾ ਹਰੀ ਛਡਾ ਦੇਂਦਾ ਹੈ। ੨। (ਹੇ ਮੇਰੇ ਮਨ!) ਉਹ ਮਨੁੱਖ ਧੰਨਤਾ ਦੇ ਯੋਗ ਕਹੇ ਜਾਂਦੇ ਹਨ, (ਜਿਹੜੇ) ਹਰੀ ਦਾ ਨਾਮ ਸਿਮਰਦੇ ਹਨ, ਉਨ੍ਹਾਂ ਦੇ ਮੱਥੇ ਉਤੇ ਧੁਰੋਂ (ਨਾਮ ਸਿਮਰਨ ਦਾ) ਚੰਗਾ ਭਾਗ ਲਿਖ ਕੇ ਪਾਇਆ ਹੁੰਦਾ ਹੈ। ਉਨ੍ਹਾਂ ਨੂੰ ਦੇਖ ਕੇ ਮੇਰਾ ਮਨ (ਇਉਂ) ਖਿੜ ਜਾਂਦਾ ਹੈ, ਜਿਵੇਂ ਮਾਂ ਪੁਤ੍ਰ ਨੂੰ ਮਿਲ ਕੇ ਗਲ ਨਾਮ ਲਾਉਂਦੀ ਹੈ ਤੇ ਖੁਸ਼ ਹੁੰਦੀ ਹੈ। ੩। ਹੇ ਮੇਰੇ ਪਿਤਾ ਪ੍ਰਭੂ! ਅਸੀਂ (ਸਭ ਜੀਵ) ਤੇਰੇ ਬੱਚੇ ਹਾਂ, ਹੇ ਪ੍ਰਭੂ! ਮੈਨੂੰ ਅਪਣੀ ਸਿੱਖਿਆ ਦਿਓ, ਜਿਸ ਰਾਹੀਂ ਅਸੀਂ ਤੇਰਾ ਨਾਮ ਪ੍ਰਾਪਤ ਕਰ ਲਈਏ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਵੇਂ ਗਾਂ ਵੱਛੇ ਨੂੰ ਦੇਖ ਕੇ ਸੁਖ ਮੰਨਦੀ ਹੈ, ਤਿਵੇਂ ਹੇ ਪ੍ਰਭੂ! ਮੈਨੂੰ ਅਪਣੇ ਗਲ ਨਾਲ ਲਾ ਲਵੋ। ੪। ੧।

ਪਦਾਰਥ = ਮੇਰੇ ਮਨ ਰੇ–ਹੇ ਮੇਰੇ ਮਨ!। ਨਿਤ–ਹਰ ਰੋਜ; ਸਦਾ। ਗਾਵੀਐ–ਗਾਉਣਾ (ਸਿਮਰਨਾ) ਚਾਹੀਦਾ ਹੈ। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਗੋਚਰੁ–ਇੰਦ੍ਰੀਆਂ ਦੀ ਪਹੁੰਚ ਤੋਂ ਪਰੇ। ਨ ਜਾਈ ਲਖਿਆ–ਸਮਝਿਆ ਨਹੀਂ ਜਾ ਸਕਦਾ। ਲਖਾਵੀਐ–ਸਮਝ ਸਕੀਦਾ ਹੈ। ਰਹਾਉ। ਆਪੇ–ਆਪ ਹੀ। ਸੁਆਮੀ–ਮਾਲਕ ਪ੍ਰਭੂ। ਤਿਸੁ ਜਨ ਕਉ–ਜਿਸ ਮਨੁੱਖ ਉਤੇ। ਕਰੇ–ਕਰਦਾ ਹੈ। ਲਾਵੀਐ–ਲਾਉਂਦਾ ਹੈ। ਸਭੁ ਕੋ–ਸਭ ਕੋਈ (ਹਰੇਕ ਮਨੁੱਖ)। ਕੇਰੀ–ਦੀ। ਭਾਵੈ–ਚੰਗੀ ਲਗਦੀ ਹੈ। ਸੋ–ਉਹ। ਥਾਇ ਪਾਵੀਐ–ਪ੍ਰਵਾਨ ਪੈਂਦਾ ਹੈ। ੧। ਪਹਿ–ਪਾਸ (ਕੋਲ)। ਤਾ–ਤਦ। ਧਿਆਵੀਐ–ਧਿਆਇਆ ਜਾ ਸਕਦਾ ਹੈ। ਨੋ–ਨੂੰ। ਦੇਇ–ਦੇਂਦਾ ਹੈ। ਲੇਖਾ–ਕੀਤੇ ਕਰਮਾਂ ਦਾ ਹਿਸਾਬ। ਛਡਾਵੀਐ–ਛਡਾ (ਮੁਕਾ) ਦੇਂਦਾ ਹੈ। ੨। ਅਰਾਧਹਿ–ਸਿਮਰਦੇ ਹਨ। ਸੇ ਜਨ–ਉਹ ਮਨੁੱਖ। ਕਹੀਅਹਿ–ਕਹੇ ਜਾਂਦੇ ਹਨ। ਤਿਨ –ਉਨ੍ਹਾਂ ਦੇ। ਮਸਤਕਿ–ਮੱਥੇ ਉਤੇ। ਧੁਰਿ–ਧੁਰ ਪ੍ਰਭੂ ਦੀ ਹਜੂਰੀ ਤੋਂ। ਲਿਖਿ–ਲਿਖ ਕੇ। ਪਾਵੀਐ–ਪਾਇਆ ਹੁੰਦਾ ਹੈ। ਬਿਗਸੈ–ਖਿੜ ਜਾਂਦਾ ਹੈ। ਸੁਤੁ–ਪੁਤ੍ਰ। ਦੇਖੇ–ਦੇਖ ਕੇ। ਮਾਤ–ਮਾਂ। ਗਲਿ ਲਾਵੀਐ–ਗਲ ਨਾਲ ਲਾਉਂਦੀ ਹੈ। ੩। ਹਮ ਬਾਰਿਕ–ਅਸੀਂ ਜੀਵ ਬੱਚੇ ਹਾਂ। ਮੋ ਕਉ–ਮੈਨੂੰ। ਦੇਹੁ ਮਤੀ–ਸਿੱਖਿਆ ਦਿਓ। ਜਿਤੁ–ਜਿਸ ਰਾਹੀਂ। ਪਾਵੀਐ–ਪ੍ਰਾਪਤ ਕਰੀਏ। ਮਾਨੈ–ਮੰਨਦੀ ਹੈ। ੪। ੧।

ਕੇਦਾਰਾ ਮਹਲਾ ੪ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥ ਮੇਰੇ ਮਨ, ਹਰਿ ਹਰਿ ਗੁਨ ਕਹੁ ਰੇ ॥ ਸਤਿਗੁਰੂ ਕੇ ਚਰਨ ਧੋਇ ਧੋਇ ਪੂਜਹੁ ,ਇਨ ਬਿਧਿ ਮੇਰਾ ਹਰਿ ਪ੍ਰਭੁ ਲਹੁ ਰੇ ॥ਰਹਾਉ॥ ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈ ਰਸ, ਇਨ ਸੰਗਤਿ ਤੇ ਤੂ ਰਹੁ ਰੇ ॥ ਮਿਲਿ ਸਤਸੰਗਤਿ ਕੀਜੈ ਹਰਿ ਗੋਸਟਿ, ਸਾਧੂ ਸਿਉ ਗੋਸਟਿ, ਹਰਿ ਪ੍ਰੇਮ ਰਸਾਇਣੁ ਰਾਮ ਨਾਮੁ ਰਸਾਇਣੁ ਹਰਿ ਰਾਮ ਨਾਮ ਰਾਮ

ਰਮਹੁ ਰੇ ॥੧॥ ਹੇ ਮੇਰੇ ਮਨ! ਤੂੰ ਹਰੀ ਦੇ ਗੁਣ ਉਚਾਰਨ ਕਰ। ਹੇ ਭਰਾਵੋ! ਸਤਿਗੁਰੂ ਦੇ ਚਰਨ ਧੋ ਧੋ ਕੇ ਪੂਜਿਆ ਕਰੋ, ਇਸ ਤਰ੍ਹਾਂ ਤੁਸੀਂ ਹਰੀ ਪ੍ਰਭੂ ਨੂੰ ਲਭ ਲਵੋ। ਰਹਾਉ। ਹੇ ਭਾਈ! ਜੋ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਆਦਿ ਵਿਸ਼ਿਆਂ ਦੇ ਰਸ ਹਨ, ਇਨ੍ਹਾਂ ਵਿਸ਼ਿਆਂ ਵਾਲੇ ਮਨੁੱਖਾਂ ਦੀ ਸੰਗਤ ਤੋਂ ਤੂੰ ਦੂਰ ਰਹੁ। ਹੇ ਭਾਈ! ਤੈਨੂੰ ਸਤਸੰਗਤ ਵਿਚ ਮਿਲ ਕੇ ਹਰੀ ਦੇ ਗੁਣਾਂ ਦੀ ਵਿਚਾਰ ਕਰਨੀ ਚਾਹੀਦੀ ਹੈ, ਸਾਧੂਆਂ ਨਾਲ ਮਿਲ ਕੇ ਹਰੀ ਦੇ ਗਿਆਨ ਦੀ ਵਿਚਾਰ ਕਰਿਆ ਕਰ, ਹਰੀ ਦਾ ਪ੍ਰੇਮ ਰਸਾਂ ਦਾ ਘਰ ਹੈ, ਪ੍ਰਭੂ ਦਾ ਨਾਮ ਸਭ ਰਸਾਂ ਦਾ ਘਰ ਹੈ, (ਇਸ ਕਰਕੇ ਤੂੰ) ਮਨ ਤੇ ਸਰੀਰ ਕਰਕੇ ਪ੍ਰਭੂ ਦਾ ਨਾਮ ਸਿਮਰਦਾ ਰਹੁ। ੧।

ਅੰਗ ੧੧੧੯ = ਅੰਤਰ ਕਾ ਅਭਿਮਾਨੁ ਜੋਰੁ ਤੂ ਕਿਛੁ ਕਿਛੁ ਕਿਛੁ ਜਾਨਤਾ, ਇਹੁ ਦੂਰਿ ਕਰਹੁ ਆਪਨ ਗਹੁ ਰੇ ॥ ਜਨ ਨਾਨਕ ਕਉ ਹਰਿ ਦਇਆਲ ਹੋਹੁ ਸੁਆਮੀ, ਹਰਿ ਸੰਤਨ ਕੀ ਧੂਰਿ ਕਰਿ ਹਰੇ ॥੨॥੧॥੨॥ ਹੇ ਮੇਰੇ ਮਨ! ਤੂੰ ਅਪਣੇ ਅੰਦਰ ਦਾ ਹੰਕਾਰ ਤੇ ਸਰੀਰ ਦਾ ਜੋਰ ਤੇ ਤੂੰ ਮਨ ਬਾਣੀ ਕਰਕੇ ਜੋ ਬਹੁਤ ਕੁਛ ਜਾਣਦਾ ਹੈਂ, ਇਹ ਤੂੰ ਦੂਰ ਕਰ ਅਤੇ ਅਪਣੇ ਆਪ ਨੂੰ ਕਾਬੂ ਰੱਖ। ਹੇ ਮਾਲਕ ਪ੍ਰਭੂ ਜੀ! ਦਾਸ ਨਾਨਕ ਉਤੇ ਦਇਆਵਾਨ ਹੋਵੋ, ਹੇ ਹਰੀ! ਮੈਨੂੰ ਸੰਤਾਂ ਦੇ ਚਰਨਾਂ ਦੀ ਧੂੜ ਬਣਾ ਦੇਹ। ੨। ੧। ੨।

ਪਦਾਰਥ = ਰੇ ਮਨ–ਹੇ ਮਨ!। ਕਹੁ–ਉਚਾਰਨ ਕਰ। ਧੋਇ–ਧੋ ਕੇ। ਇਨ ਬਿਧਿ–ਇਸ ਤਰ੍ਹਾਂ। ਲਹੁ–ਲੱਭ ਲੈ। ਰਹਾਉ। ਬਿਖੈ ਰਸ–ਵਿਸ਼ਿਆਂ ਦੇ ਸੁਆਦ। ਇਨ ਸੰਗਤਿ ਤੇ–ਇਨ੍ਹਾਂ ਦੀ ਸੰਗਤ ਤੋਂ। ਰਹੁ–ਦੂਰ ਰਹੁ। ਕੀਜੈ ਗੋਸਟਿ–ਵਿਚਾਰ ਕਰਨੀ ਚਾਹੀਦੀ ਹੈ। ਸਾਧੂ ਸਿਉ–ਸਾਧੂਆਂ ਨਾਲ। ਰਸਾਇਣੁ–ਰਸਾਂ ਦਾ ਘਰ। ਰਾਮ–ਸਰਬ ਵਿਆਪਕ ਪ੍ਰਭੂ। ਰਮਹੁ–ਸਿਮਰਦਾ ਰਹੁ। ਅੰਤਰ ਕਾ–ਅੰਦਰ ਦਾ। ਜੋਰੁ –ਤਾਕਤ। ਜਾਨਤਾ–ਜਾਣਦਾ ਹੈਂ। ਆਪਨ ਗਹੁ–ਅਪਣੇ ਆਪ ਨੂੰ ਕਾਬੂ ਰੱਖ। ਕਉ–ਨੂੰ; ਉਤੇ। ਦਇਆਲ ਹੋਹੁ–ਦਇਆਵਾਨ ਹੋਵੋ। ਸੁਆਮੀ–ਹੇ ਮਾਲਕ!। ਸੰਤਨ ਕੀ ਧੂਰਿ–ਸੰਤਾਂ ਦੇ ਚਰਨਾਂ ਦੀ ਧੂੜ। ਕਰਿ–ਬਣਾ ਦੇਹ। ਹਰੇ–ਹੇ ਰਹੀ!। ੨। ੧। ੨।

ਕੇਦਾਰਾ ਮਹਲਾ ਪ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥ ਮਾਈ, ਸੰਤ ਸੰਗਿ ਜਾਗੀ ॥ ਪ੍ਰਿਅ ਰੰਗ ਦੇਖੈ, ਜਪਤੀ ਨਾਮੁ ਨਿਧਾਨੀ ॥ਰਹਾਉ॥ ਦਰਸਨ ਪਿਆਸ, ਲੋਚਨ ਤਾਰ ਲਾਗੀ, ਬਿਸਰੀ ਤਿਆਸ ਬਿਡਾਨੀ ॥੧॥ ਅਬ ਗੁਰੁ ਪਾਇਓ ਹੈ ਸਹਜ ਸੁਖਦਾਇਕ, ਦਰਸਨੁ ਪੇਖਤ ਮਨੁ ਲਪਟਾਨੀ ॥ ਦੇਖਿ ਦਮੋਦਰ ਰਹਸੁ ਮਨਿ ਉਪਜਿਓ, ਨਾਨਕ ਪ੍ਰਿਅ ਅੰਮ੍ਰਿਤ ਬਾਨੀ ॥੨॥੧॥ ਹੇ ਮਾਂ! (ਮੇਰੇ ਚਿੱਤ ਦੀ ਬਿਰਤੀ) ਸੰਤਾਂ ਦਾ ਸੰਗ ਕਰਕੇ (ਅਗਿਆਨਤਾ ਦੀ ਨੀਂਦ ਤੋਂ ਗਿਆਨ ਅਵਸਥਾ ਵਿਚ) ਜਾਗ ਪਈ ਹੈ। (ਮੇਰੀ ਸੁਰਤ) ਪਿਆਰੇ ਪ੍ਰਭੂ ਦੇ ਕੌਤਕ ਦੇਖਦੀ ਹੈ ਅਤੇ ਨਾਮ ਜਪਦੀ ਹੋਈ ਸੁੱਖਾਂ ਦੇ ਖਜਾਨੇ ਵਾਲੀ ਬਣ ਗਈ ਹੈ। ਰਹਾਉ। (ਹੇ ਮਾਂ! ਪਿਆਰੇ) ਪ੍ਰਭੂ ਦੇ ਦਰਸ਼ਨਾਂ ਦੀ ਪਿਆਸ ਕਰਕੇ ਮੇਰੀਆਂ ਅੱਖਾਂ ਦੀ ਲਗਨ (ਪ੍ਰਭੂ ਵੱਲ) ਲਗੀ ਰਹਿੰਦੀ ਹੈ ਅਤੇ (ਹੁਣ ਮੈਨੂੰ) ਪਰਾਏ ਪਦਾਰਥਾਂ ਦੀ ਪਿਆਸ (ਇੱਛਾ) ਭੁੱਲ ਗਈ ਹੈ। ੧। (ਹੇ ਮਾਂ!) ਹੁਣ ਮੈਂ ਸਹਿਜ ਸੁਖ ਦੇਣ ਵਾਲਾ ਗੁਰੂ ਪਾ ਲਿਆ ਹੈ, (ਗੁਰੂ ਦਾ) ਦਰਸ਼ਨ ਦੇਖਦਿਆਂ ਮੇਰਾ ਮਨ (ਗੁਰੂ ਦੇ ਚਰਨਾਂ ਨਾਲ) ਚਿੰਬੜ ਗਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਪਿਆਰੇ ਪ੍ਰਭੂ ਦੀ ਅੰਮ੍ਰਿਤ ਬਾਣੀ ਦੁਆਰਾ ਪ੍ਰਭੂ ਨੂੰ ਦੇਖ ਕੇ ਮੇਰੇ ਮਨ ਵਿਚ ਅਨੰਦ ਪੈਦਾ ਹੋ ਗਿਆ ਹੈ। ੨। ੧।

ਪਦਾਰਥ = ਮਾਈ–ਹੇ ਮਾਂ!; ਹੇ ਭਾਈ!। ਸੰਤ ਸੰਗਿ–ਸੰਤਾਂ ਦਾ ਸੰਗ ਕਰਕੇ। ਜਾਗੀ–ਜਾਗ ਪਈ ਹੈ। ਪ੍ਰਿਅ ਰੰਗ–ਪਿਆਰੇ ਪ੍ਰਭੂ ਦੇ ਕੌਤਕ। ਜਪਤੀ–ਜਪਦੀ ਹੋਈ। ਨਿਧਾਨੀ–ਖਜਾਨੇ ਵਾਲੀ। ਰਹਾਉ। ਲੋਚਨ–ਅੱਖਾਂ ਦੀ। ਤਾਰ–ਲਗਨ; ਨੀਝ। ਬਿਸਰੀ–ਭੁੱਲ ਗਈ। ਤਿਆਸ–ਪਿਆਸ। ਬਿਡਾਨੀ–ਬਿਗਾਨੀ। ੧। ਅਬ–ਹੁਣ। ਸਹਜ ਸੁਖਦਾਇਕ–ਅਸਲੀ ਸੁਖ ਦੇਣ ਵਾਲਾ। ਪੇਖਤ–ਦੇਖਦਿਆਂ। ਦੇਖਿ–ਦੇਖ ਕੇ। ਲਪਟਾਨੀ–ਚਿੰਬੜ (ਜੁੜ) ਗਿਆ। ਦਮੋਦਰ–ਪ੍ਰਭੂ। ਰਹਸੁ–ਅਨੰਦ। ਪ੍ਰਿਅ ਬਾਨੀ–ਪਿਆਰੇ ਪ੍ਰਭੂ ਦੀ ਬਾਣੀ। ੨। ੧।

ਕੇਦਾਰਾ ਮਹਲਾ ਪ ਘਰੁ ੩ ੧ੴ ਸਤਿਗੁਰ ਪ੍ਰਸਾਦਿ ॥ ਦੀਨ ਬਿਨਉ ਸੁਨੁ ਦਇਆਲ ॥ ਪੰਚ ਦਾਸ ਤੀਨਿ ਦੋਖੀ, ਏਕ ਮਨੁ ਅਨਾਥ ਨਾਥ ॥ ਰਾਖੁ ਹੋ ਕਿਰਪਾਲ ॥ਰਹਾਉ॥ ਅਨਿਕ ਜਤਨ ਗਵਨੁ ਕਰਉ ॥ ਖਟੁ ਕਰਮ ਜੁਗਤਿ ਧਿਆਨੁ ਧਰਉ ॥ ਉਪਾਵ ਸਗਲ ਕਰਿ ਹਾਰਿਓ, ਨਹ ਨਹ ਹੁਟਹਿ ਬਿਕਰਾਲ ॥੧॥ ਸਰਣਿ ਬੰਦਨ ਕਰੁਣਾਪਤੇ ॥ ਭਵ ਹਰਣ ਹਰਿ ਹਰਿ ਹਰਿ ਹਰੇ ॥ ਏਕ ਤੂਹੀ ਦੀਨ ਦਇਆਲ ॥ ਪ੍ਰਭ ਚਰਨ ਨਾਨਕ ਆਸਰੋ ॥ ਉਧਰੇ ਭਰਮ ਮੋਹ ਸਾਗਰ ॥ ਲਗਿ ਸੰਤਨਾ ਪਗ ਪਾਲ ॥੨॥੧॥੨॥ ਹੇ ਦਇਆ ਦੇ ਘਰ ਪ੍ਰਭੂ! ਮੇਰੀ ਗਰੀਬ ਨਿਮਾਣੇ ਦੀ ਇਕ ਬੇਨਤੀ ਸੁਣ। ਹੇ ਅਨਾਥਾਂ ਦੇ ਨਾਥ! ਮੇਰਾ ਮਨ ਇਕ ਹੈ, ਜੋ ਪੰਜ ਕਾਮਾਦਿਕਾਂ ਦਾ ਦਾਸ ਬਣਿਆ ਹੋਇਆ ਹੈ ਅਤੇ ਮਾਇਆ ਦੇ ਤਿੰਨ (ਰਜੋ, ਸਤੋ ਤੇ ਤਮੋ) ਗੁਣ ਇਸ ਦੇ ਦੋਖੀ ਹਨ। ਹੇ ਕ੍ਰਿਪਾਲੂ ਪ੍ਰਮਾਤਮਾ!

(ਇਨ੍ਹਾਂ ਵੈਰੀਆਂ ਤੋਂ ਮੇਰੀ) ਰੱਖਿਆ ਕਰ। ਰਹਾਉ। (ਇਨ੍ਹਾਂ ਤੋਂ ਬਚਣ ਲਈ) ਮੈਂ ਅਨੇਕਾਂ ਜਤਨ ਕਰਦਾ ਹਾਂ ਅਤੇ ਤੀਰਥਾਂ ਦੀ ਯਾਤਰਾ ਵੀ ਕਰਦਾ ਹਾਂ। (ਸ਼ਾਸਤ੍ਰਾਂ ਦੇ ਦੱਸੇ) ਛੇ ਕਰਮਾਂ ਦੇ ਸੰਜੁਗਤ ਹੋ ਕੇ ਦੇਵ ਮੂਰਤੀ ਦਾ ਧਿਆਨ ਵੀ ਧਰਦਾ ਹਾਂ। ਮੈਂ ਸਾਰੇ ਉਪਾਉ ਕਰਕੇ ਹਾਰ ਗਿਆ ਹਾਂ, (ਪਰ ਇਹ) ਭਿਆਨਕ ਵੈਰੀ ਹਟਦੇ ਨਹੀਂ। ੧। ਹੇ ਦਇਆ ਦੇ ਮਾਲਕ! ਮੈਂ ਤੇਰੀ ਸਰਨ ਵਿਚ ਆਇਆ ਹਾਂ ਅਤੇ ਤੈਨੂੰ ਨਮਸਕਾਰ ਕਰਦਾ ਹਾਂ। ਹੇ ਹਰੀ! ਹੇ ਜੀਵਾਂ ਦੇ ਜਨਮ ਮਰਨ ਨਾਸ਼ ਕਰਨ ਵਾਲੇ ਹਰੀ!। ਗਰੀਬਾਂ ਉਤੇ ਦਇਆ ਕਰਨ ਵਾਲਾ ਇਕ ਤੂੰ ਹੀ ਹੈਂ। ਹੇ ਪ੍ਰਭੂ! ਤੇਰੇ ਚਰਨ ਹੀ ਨਾਨਕ ਦਾ ਆਸਰਾ ਹਨ। ਤੇਰੇ ਸੰਤਾਂ ਦੇ ਚਰਨੀਂ ਅਤੇ ਤੇਰੇ ਸੰਤਾਂ ਦੇ ਪੱਲੇ ਲਗ ਕੇ (ਅਸੀਂ ਅਨੇਕਾਂ ਜੀਵ) ਭਰਮ ਤੇ ਮੋਹ ਦੇ ਸਾਗਰ ਤੋਂ ਤਰ ਗਏ ਹਾਂ। ੨। ੧। ੨।

ਪਦਾਰਥ = ਦੀਨ–ਮੈਂ ਗਰੀਬ ਦੀ। ਬਿਨਉ–ਬੇਨਤੀ। ਦਇਆਲ–ਹੇ ਦਇਆ ਦੇ ਘਰ!। ਪੰਚ–ਪੰਜ ਕਾਮਾਦਿਕ। ਦਾਸ–ਗੁਲਾਮ; (ਦਸਜੁ) ਵੈਰੀ (ਆਰੀਆਂ ਦੇ ਹਿੰਦ ਵਿਚ ਆਉਣ ਸਮੇਂ ਇਥੇ ਇਕ ਅਸੱਭਜ ਕੌਮ ਵਸਦੀ ਸੀ, ਜਿਸ ਨੂੰ ਰਿਗ ਵੇਦ ਵਿਚ ਦਸਜੁ ਕਿਹਾ ਹੈ)। ਤੀਨਿ–ਤਿੰਨ ਰਜੋ, ਸਤੋ ਤੇ ਤਮੋ ਗੁਣ। ਦੋਖੀ–ਵੈਰੀ; ਵਿਰੋਧੀ। ਅਨਾਥਾ ਨਾਥ–ਹੇ ਅਨਾਥਾਂ ਦੇ ਮਾਲਕ!। ਰਾਖੁ–ਮੇਰੀ ਰੱਖਿਆ ਕਰ। ਹੋ ਕਿਰਪਾਲ–ਹੇ ਕ੍ਰਿਪਾਲੂ ਪ੍ਰਭੂ!। ਰਹਾਉ। ਅਨਿਕ–ਅਨੇਕਾਂ। ਗਵਨੁ ਕਰਉ–ਮੈਂ ਤੀਰਥ ਯਾਤਰਾ ਕਰਦਾ ਹਾਂ। ਖਟੁ ਕਰਮ–ਸ਼ਾਸਤ੍ਰਾਂ ਦੇ ਦੱਸੇ ਛੇ ਕਰਮ (ਜਪ, ਹਵਨ, ਸੰਧਿਆ, ਦੇਵ ਪੂਜਾ, ਇਸ਼ਨਾਨ ਤੇ ਵੇਦ ਪਾਠ)। ਜੁਗਤਿ–ਸੰਜੁਗਤ ਹੋ ਕੇ; ਜੁਗਤੀ ਨਾਲ। ਧਿਆਨ ਧਰਉ–ਧਿਆਨ ਕਰਦਾ ਹਾਂ। ਸਗਲ–ਸਾਰੇ। ਕਰਿ ਹਾਰਿਓ–ਕਰਕੇ ਹਾਰ ਗਿਆ ਹਾਂ। ਨਹ ਹੁਟਹਿ–ਹਟਦੇ ਨਹੀਂ। ਬਿਕਰਾਲ–ਬਹੁਤ ਭਿਆਨਕ। ੧। ਬੰਦਨ–ਨਮਸ਼ਕਾਰ। ਕਰੁਣਾਪਤੇ–ਹੇ ਦਇਆ ਦੇ ਮਾਲਕ!। ਭਵ ਹਰਣ–ਹੇ ਜਨਮ ਮਰਨ ਦਾ ਗੇੜ ਨਾਸ਼ ਕਰਨ ਵਾਲੇ!। ਹਰੇ–ਹੇ ਹਰੀ!। ਦੀਨ ਦਇਆਲ–ਗਰੀਬਾਂ ਉਤੇ ਦਇਆ ਕਰਨ ਵਾਲਾ। ਆਸਰੋ–ਆਸਰਾ। ਉਧਰੇ–ਤਰ ਗਏ ਹਾਂ। ਸਾਗਰ–ਸਮੁੰਦਰ। ਲਗਿ–ਲਗ ਕੇ। ਸੰਤਨਾ ਪਗ–ਸੰਤਾਂ ਦੇ ਚਰਨਾਂ ਨਾਲ। ਪਾਲ–ਪੱਲਾ। ੨। ੧। ੨।

ਕੇਦਾਰਾ ਮਹਲਾ ੫ ਘਰੁ ੪ ੧ੴ ਸਤਿਗੁਰ ਪ੍ਰਸਾਦਿ ॥ ਸਰਨੀ ਆਇਓ ਨਾਥ ਨਿਧਾਨ ॥ ਨਾਮ ਪ੍ਰੀਤਿ ਲਾਗੀ ਮਨ ਭੀਤਰਿ, ਮਾਗਨ ਕਉ ਹਰਿ ਦਾਨ ॥੧॥ਰਹਾਉ॥ ਸੁਖਦਾਈ ਪੂਰਨ ਪਰਮੇਸੁਰ, ਕਰਿ ਕਿਰਪਾ ਰਾਖਹੁ ਮਾਨ ॥ ਦੇਹੁ ਪ੍ਰੀਤਿ ਸਾਧੂ ਸੰਗਿ ਸੁਆਮੀ, ਹਰਿ ਗੁਨ ਰਸਨ ਬਖਾਨ ॥੧॥ ਗੋਪਾਲ ਦਇਆਲ ਗੋਬਿਦ ਦਮੋਦਰ, ਨਿਰਮਲ ਕਥਾ ਗਿਆਨ ॥ ਨਾਨਕ ਕਉ ਹਰਿ ਕੈ ਰੰਗਿ ਰਾਗਹੁ ,ਚਰਨ ਕਮਲ ਸੰਗਿ ਧਿਆਨ ॥੨॥੧॥੩॥ (ਅੰਨਵੇਂ ਅੱਖਰ) ਹੇ ਮਾਲਕ! ਹੇ ਸਾਰੇ ਸੁਖਾਂ ਦੇ ਖਜਾਨੇ! (ਮੇਰੇ) ਮਨ ਦੇ ਅੰਦਰ ਨਾਮ ਦੀ ਪ੍ਰੀਤ ਲਗ ਗਈ ਹੈ, ਹੇ ਹਰੀ! ਨਾਮ ਦਾ ਦਾਨ ਮੰਗਣ ਲਈ ਮੈਂ ਤੇਰੀ ਸ਼ਰਨ ਵਿਚ ਆਇਆ ਹਾਂ। ੧। ਰਹਾਉ। ਹੇ ਸੁਖ ਦੇਣ ਵਾਲੇ ਪੂਰਨ ਪ੍ਰਮੇਸਰ! ਕ੍ਰਿਪਾ ਕਰਕੇ (ਸਰਨ ਵਿਚ ਪਏ ਦੀ ਮੇਰੀ) ਇੱਜਤ ਰੱਖੋ ਜੀ। ਹੇ ਮਾਲਕ! ਮੈਨੂੰ ਐਸੀ ਪ੍ਰੀਤ ਬਖਸ਼ ਦਿਓ, ਤਾਂ ਜੋ ਹੇ ਹਰੀ! ਮੈਂ ਸਾਧੂਆਂ ਦੀ ਸੰਗਤ ਵਿਚ ਰਸਨਾ ਨਾਲ ਤੇਰੇ ਗੁਣ ਉਚਾਰਨ ਕਰਦਾ ਰਹਾਂ। ੧। ਹੇ ਪ੍ਰਿਥਵੀ ਦੀ ਪਾਲਣਾ ਕਰਨ ਵਾਲੇ! ਹੇ ਦਇਆ ਦੇ ਘਰ! ਹੇ ਗੋਬਿੰਦ! ਹੇ ਪ੍ਰਭੂ! ਤੇਰੀ ਪਵਿਤ੍ਰ ਕਥਾ ਦਾ ਮੈਨੂੰ ਗਿਆਨ ਬਖਸ਼। ਹੇ ਹਰੀ! ਨਾਨਕ ਨੂੰ ਅਪਣੇ ਪਿਆਰ ਦੇ ਰੰਗ ਵਿਚ ਰੰਗ ਦਿਓ ਅਤੇ ਮੇਰਾ ਧਿਆਨ ਤੇਰੇ ਚਰਨ ਕਮਲਾਂ ਨਾਲ ਜੁੜਿਆ ਰਹੇ। ੨। ੧। ੩।

ਪਦਾਰਥ = ਸਰਨੀ–ਸਰਨ ਵਿਚ। ਨਾਥ–ਹੇ ਮਾਲਕ!। ਨਿਧਾਨ–(ਹੇ ਸਾਰੇ ਸੁੱਖਾਂ ਦੇ) ਖਜਾਨੇ!। ਮਨ ਭੀਤਰਿ–ਮਨ ਦੇ ਅੰਦਰ। ਮਾਗਨ ਕਉ–ਮੰਗਣ ਵਾਸਤੇ। ੧। ਰਹਾਉ। ਸੁਖਦਾਈ–ਸੁਖ ਦੇਣ ਵਾਲਾ। ਪੂਰਨ–ਸਾਰੇ ਗੁਣਾਂ ਨਾਲ ਭਰਪੂਰ। ਕਰਿ–ਕਰਕੇ। ਮਾਨ–ਇੱਜਤ। ਦੇਹੁ–ਬਖਸ਼ ਦਿਓ। ਸੁਆਮੀ–ਹੇ ਮਾਲਕ!। ਰਸਨ–ਜੀਭ ਨਾਲ। ਬਖਾਨ–ਉਚਾਰਨ ਕਰਾਂ। ੧। ਗੋਪਾਲ–ਹੇ ਗੋਪਾਲ। ਦਮੋਦਰ–ਹੇ ਪ੍ਰਭੂ। ਨਿਰਮਲ–ਪਵਿਤ੍ਰ। ਕਉ–ਨੂੰ। ਰੰਗਿ ਰਾਗਹੁ–ਪਿਆਰ ਵਿਚ ਰੰਗ ਦਿਓ। ਸੰਗਿ–ਨਾਲ। ੨। ੧। ੩।

ਅੰਗ ੧੧੨੦ = ਕੇਦਾਰਾ ਮਹਲਾ ੫ ॥ ਹਰਿ ਕੇ ਦਰਸਨ ਕੋ ਮਨਿ ਚਾਉ ॥ ਕਰਿ ਕਿਰਪਾ ਸਤਸੰਗਿ ਮਿਲਾਵਹੁ ,ਤੁਮ ਦੇਵਹੁ ਅਪਨੋ ਨਾਉ ॥ਰਹਾਉ॥ ਕਰਉ ਸੇਵਾ ਸਤ ਪੁਰਖ ਪਿਆਰੇ, ਜਤ ਸੁਨੀਐ ਤਤ ਮਨਿ ਰਹਸਾਉ ॥ ਵਾਰੀ ਫੇਰੀ ਸਦਾ ਘੁਮਾਈ, ਕਵਨੁ ਅਨੂਪੁ ਤੇਰੋ ਠਾਉ ॥੧॥ ਸਰਬ ਪ੍ਰਤਿਪਾਲਹਿ ਸਗਲ ਸਮਾਲਹਿ, ਸਗਲਿਆ ਤੇਰੀ ਛਾਉ ॥ ਨਾਨਕ ਕੇ ਪ੍ਰਭ ਪੁਰਖ ਬਿਧਾਤੇ, ਘਟਿ ਘਟਿ ਤੁਝਹਿ ਦਿਖਾਉ ॥੨॥੨॥੪॥ (ਹੇ ਭਾਈ!) ਮੇਰੇ ਮਨ ਵਿਚ ਹਰੀ ਦੇ ਦਰਸਨ ਕਰਨ ਦਾ ਉਤਸ਼ਾਹ ਹੈ। (ਇਸ ਲਈ ਬੇਨਤੀ ਕਰਦਾ ਹਾਂ ਕਿ ਹੇ ਹਰੀ!) ਕ੍ਰਿਪਾ ਕਰਕੇ ਮੈਨੂੰ ਸਤਸੰਗਤ ਵਿਚ ਮਿਲਾ ਦਿਓ ਅਤੇ ਤੁਸੀਂ ਮੈਨੂੰ ਅਪਣੇ ਨਾਮ ਦੀ ਦਾਤ ਬਖਸ਼ ਦਿਓ।

ਰਹਾਉ। ਹੇ ਪਿਆਰੇ ਪ੍ਰਭੂ! (ਮੇਰੇ ਤੇ ਕ੍ਰਿਪਾ ਕਰੋ ਕਿ) ਮੈਂ ਸਤਪੁਰਖਾਂ ਦੀ ਸੇਵਾ ਕਰਦਾ ਰਹਾਂ, ਜਿੱਥੇ ਵੀ (ਸਤਪੁਰਖਾਂ ਪਾਸੋਂ) ਤੇਰਾ ਨਾਮ ਸੁਣਿਆ ਜਾਂਦਾ ਹੈ, ਉਥੇ ਮੇਰੇ ਮਨ ਵਿਚ ਅਨੰਦ ਪੈਦਾ ਹੁੰਦਾ ਹੈ। ਹੇ ਪ੍ਰਭੂ! ਮੈਂ ਸਰੀਰ ਕਰਕੇ ਤੇਰੇ ਤੋਂ ਵਾਰਨੇ ਜਾਂਦਾ ਹਾਂ, ਮਨ ਕਰਕੇ ਵੀ ਕੁਰਬਾਨ ਹਾਂ ਅਤੇ ਬਾਣੀ ਕਰਕੇ ਵੀ ਸਦਾ ਕੁਰਬਾਨ ਜਾਂਦਾ ਹਾਂ, ਤੇਰਾ ਸੁੰਦਰ ਸਥਾਨ ਕਿਹੜਾ ਹੈ? ਜਿੱਥੇ ਤੂੰ ਵਸਦਾ ਹੈਂ।੧। ਹੇ ਪ੍ਰਭੂ! ਤੂੰ ਸਭ ਜੀਵਾਂ ਦੀ ਪਾਲਣਾ ਕਰਦਾ ਹੈਂ, ਸਭ ਦੀ ਸੰਭਾਲ ਕਰਦਾ ਹੈਂ ਅਤੇ ਸਭ ਨੂੰ ਤੇਰੀ ਓਟ ਹੈ। ਹੇ ਨਾਨਕ ਦੇ ਸਰਬ ਵਿਆਪਕ ਸਿਰਜਨਹਾਰ ਪ੍ਰਭੂ! (ਮੇਰੇ ਤੇ ਕ੍ਰਿਪਾ ਕਰ ਕਿ) ਮੈਂ ਹਰੇਕ ਜੀਵ ਦੇ ਸਰੀਰ ਵਿਚ ਤੈਨੂੰ ਦੇਖਾਂ।੨।੨।੪।

ਪਦਾਰਥ = ਕੋ–ਦਾ। ਮਨਿ–ਮਨ ਵਿਚ। ਚਾਉ–ਉਤਸ਼ਾਹ। ਸਤਸੰਗਿ–ਸਤਸੰਗਤ ਵਿਚ। ਰਹਾਉ। ਕਰਉ–ਕਰਦਾ ਰਹਾਂ। ਸਤਪੁਰਖ–ਸਤ ਪੁਰਖਾਂ ਦੀ। ਪਿਆਰੇ–ਹੇ ਪਿਆਰੇ ਪ੍ਰਭੂ!। ਜਤ–ਜਿੱਥੇ। ਸੁਨੀਐ–ਸੁਣਿਆ ਜਾਂਦਾ ਹੈ। ਤਤ–ਉਥੇ। ਰਹਸਾਉ–ਅਨੰਦ। ਵਾਰੀ ਫੇਰੀ–ਵਾਰਨੇ ਜਾਂਦਾ ਹਾਂ। ਘੁਮਾਈ–ਕੁਰਬਾਨ ਜਾਂਦਾ ਹਾਂ। ਕਵਨੁ–ਕਿਹੜਾ। ਅਨੂਪੁ–ਸੁੰਦਰ। ਠਾਉ–ਸਥਾਨ।੧। ਸਰਬ–ਸਭ ਜੀਵਾਂ ਦੀ। ਪ੍ਰਤਿਪਾਲਹਿ–ਤੂੰ ਪਾਲਣਾ ਕਰਦਾ ਹੈਂ। ਸਮਾਲਹਿ–ਸੰਭਾਲਦਾ ਹੈ। ਸਗਲਿਆ–ਸਭ ਜੀਵਾਂ ਨੂੰ। ਛਾਉ–ਓਟ। ਪੁਰਖ–ਵਿਆਪਕ ਪ੍ਰਭੂ। ਬਿਧਾਤੇ–ਹੇ ਸਿਰਜਨਹਾਰ ਪ੍ਰਭੂ!। ਘਟਿ ਘਟਿ–ਹਰੇਕ ਜੀਵ ਦੇ ਸਰੀਰ ਵਿਚ। ਤੁਝਹਿ–ਤੈਨੂੰ। ਦਿਖਾਉ–ਮੈਂ ਦੇਖਾਂ।੨।੨।੪।

ਕੇਦਾਰਾ ਮਹਲਾ ਪ ॥ ਪ੍ਰਿਅ ਕੀ ਪ੍ਰੀਤਿ ਪਿਆਰੀ ॥ ਮਗਨ ਮਨੈ ਮਹਿ ਚਿਤਵਉ ਆਸਾ, ਨੈਨਹੁ ਤਾਰ ਤੁਹਾਰੀ ॥ਰਹਾਉ॥ ਓਇ ਦਿਨ ਪਹਰ ਮੂਰਤ ਪਲ ਕੈਸੇ, ਓਇ ਪਲ ਘਰੀ ਕਿਹਾਰੀ ॥ ਖੂਲੇ ਕਪਟ ਧਪਟ ਬੁਝਿ ਤ੍ਰਿਸਨਾ, ਜੀਵਉ ਪੇਖਿ ਦਰਸਾਰੀ ॥੧॥ ਕਉਨੁ ਸੁ ਜਤਨੁ ਉਪਾਉ ਕਿਨੇਹਾ, ਸੇਵਾ ਕਉਨ ਬੀਚਾਰੀ ॥ ਮਾਨੁ ਅਭਿਮਾਨੁ ਮੋਹੁ ਤਜਿ ਨਾਨਕ, ਸੰਤਹ ਸੰਗਿ ਉਧਾਰੀ ॥੨॥੩॥੫॥

(ਹੇ ਭਾਈ!) ਮੈਨੂੰ ਪਿਆਰੇ ਪ੍ਰਭੂ ਦੀ ਪ੍ਰੀਤ ਪਿਆਰੀ ਲਗਦੀ ਹੈ। (ਹੇ ਪ੍ਰਭੂ! ਅਪਣੇ) ਮਨ ਵਿਚ ਮੈਂ ਮਸਤ ਰਹਿ ਕੇ ਤੇਰੇ ਦਰਸਨ ਦੀ ਆਸ ਚਿਤਵਦਾ ਰਹਿੰਦਾ ਹਾਂ ਅਤੇ ਅੱਖਾਂ ਵਿਚ ਤੇਰੀ ਲਿਵ ਲੱਗੀ ਹੋਈ ਹੈ। ਰਹਾਉ। (ਹੇ ਭਾਈ!) ਉਹ ਦਿਨ, ਪਹਿਰ, ਮਹੂਰਤ, ਪਲ ਕਿਹੋ ਜਿਹੇ ਹੋਣਗੇ, ਉਹ ਅੱਖਾਂ ਦੀ ਪਲਕ ਤੇ ਘੜੀ ਕਿਹੋ ਜਿਹੀ ਹੋਵੇਗੀ? (ਜਦੋਂ ਮੇਰੇ ਅੰਦਰੋਂ) ਤ੍ਰਿਸ਼ਨਾ ਬੁਝ ਕੇ (ਮਨ ਨੂੰ ਲੱਗੇ ਮੋਹ ਤੇ ਭਰਮ ਦੇ) ਪੜਦੇ ਝਟ ਪਟ ਖੁਲ੍ਹ ਜਾਣਗੇ (ਜਿਸ ਦਾ ਸਦਕਾ) ਮੈਂ ਪ੍ਰਭੂ ਦਾ ਦਰਸ਼ਨ ਦੇਖ ਕੇ ਜੀਵਾਂਗਾ।੧। (ਮਨ ਦਾ) ਉਹ ਜਤਨ ਕਿਹੜਾ ਹੈ, (ਬੋਲਾਂ ਕਰਕੇ) ਉਹ ਉਪਾਉ ਕਿਹੜਾ ਹੈ ਅਤੇ (ਸਰੀਰ ਕਰਕੇ) ਕਿਹੜੀ ਸੇਵਾ ਵਿਚਾਰੀ ਜਾਵੇ। ਨਾਨਕ ਗੁਰੂ ਜੀ ਉਤਰ ਦੇਂਦੇ ਹਨ ਕਿ ਸੰਤਾਂ ਦੀ ਸੰਗਤ ਵਿਚ ਆਦਰ ਕਰਾਉਣ ਦੀ ਇੱਛਾ, (ਸਭ ਤਰ੍ਹਾਂ ਦਾ) ਅਭਿਮਾਨ ਤੇ (ਪ੍ਰਵਾਰ ਦਾ) ਮੋਹ ਛਡ ਕੇ ਤੇਰਾ ਪਾਰ ਉਤਾਰਾ ਹੋ ਜਾਵੇਗਾ (ਅਤੇ ਪ੍ਰਭੂ ਦਾ ਦਰਸ਼ਨ ਹੋ ਜਾਵੇਗਾ)।੨। ੩।੫।

ਪਦਾਰਥ = ਪ੍ਰਿਅ ਕੀ–ਪਿਆਰੇ ਪ੍ਰਭੂ ਦੀ। ਪਿਆਰੀ–ਪਿਆਰੀ ਲਗਦੀ ਹੈ। ਮਗਨ–ਮਸਤ। ਮਨੈ ਮਹਿ–ਮਨ ਵਿਚ। ਚਿਤਵਉ–ਮੈਂ ਚਿਤਵਦਾ ਹਾਂ। ਨੈਨਹੁ–ਅੱਖਾਂ ਵਿਚ। ਤਾਰ–ਲਿਵ; ਖਿੱਚ। ਤੁਹਾਰੀ–ਤੇਰੀ। ਰਹਾਉ। ਓਇ–ਉਹ (ਬਹੁ ਵਚਨ)। ਮੂਰਤ–ਦੋ ਘੜੀਆਂ ਦਾ ਸਮਾਂ। ਕੈਸੇ–ਕਿਹੋ ਜਿਹੇ। ਪਲ–੨੪ ਸਕਿੰਟ ਦਾ ਸਮਾਂ। ਪਲ–ਅੱਖਾਂ ਦੀ ਪਲਕ। ਘਰੀ–ਘੜੀ। ਕਿਹਾਰੀ–ਕਿਹੋ ਜਿਹੀ। ਕਪਟ–ਪੜਦੇ। ਧਪਟ–ਝਟ ਪਟ। ਬੁਝਿ–ਬੁਝ ਕੇ। ਜੀਵਉ–ਜੀਵਾਂਗਾ ਹਾਂ। ਪੇਖਿ–ਦੇਖ ਕੇ। ਦਰਸਾਰੀ–ਦਰਸ਼ਨ।੧। ਸੁ–ਉਹ। ਕਿਨੇਹਾ–ਕਿਹੋ ਜਿਹਾ। ਬੀਚਾਰੀ–ਵਿਚਾਰੀ ਜਾਵੇ। ਮਾਨੁ–ਆਦਰ। ਤਜਿ–ਛਡ ਕੇ। ਸੰਤਹ ਸੰਗਿ–ਸੰਤਾਂ ਦੀ ਸੰਗਤ ਵਿਚ। ਉਧਾਰੀ–ਪਾਰ ਉਤਾਰਾ।੨।੩।੫।

ਕੇਦਾਰਾ ਮਹਲਾ ਪ ॥ ਹਰਿ ਹਰਿ ਹਰਿ ਗੁਨ ਗਾਵਹੁ ॥ ਕਰਹੁ ਕ੍ਰਿਪਾ ਗੋਪਾਲ ਗੋਬਿਦੇ, ਅਪਨਾ ਨਾਮੁ ਜਪਾਵਹੁ ॥ਰਹਾਉ॥ ਕਾਢਿ ਲੀਏ ਪ੍ਰਭ ਆਨ ਬਿਖੈ ਤੇ, ਸਾਧ ਸੰਗਿ ਮਨੁ ਲਾਵਹੁ ॥ ਕ੍ਰਮੁ ਭਉ ਮੋਹੁ ਕਟਿਓ ਗੁਰ ਬਚਨੀ, ਅਪਨਾ ਦਰਸੁ ਦਿਖਾਵਹੁ ॥੧॥ ਸਭ ਕੀ ਰੇਨ ਹੋਇ ਮਨੁ ਮੇਰਾ, ਅਹੰਬੁਧਿ ਤਜਾਵਹੁ ॥ ਅਪਨੀ ਭਗਤਿ ਦੇਹਿ ਦਇਆਲਾ, ਵਡਭਾਗੀ ਨਾਨਕ ਹਰਿ ਪਾਵਹੁ ॥੨॥੪॥੬॥

(ਹੇ ਭਾਈ!) ਸਰੀਰ ਕਰਕੇ ਅਤੇ ਮਨ ਕਰਕੇ ਹਰੀ ਦੇ ਗੁਣ ਗਾਉਂਦੇ ਰਹੋ। ਹੇ ਧਰਤੀ ਦੇ ਜੀਵਾਂ ਦੀ ਪਾਲਣਾ ਕਰਨ ਵਾਲੇ ਪ੍ਰਭੂ! ਹੇ ਗੋਬਿੰਦ! ਮੇਰੇ ਉਤੇ ਕ੍ਰਿਪਾ ਕਰੋ, ਮੈਨੂੰ ਅਪਣਾ ਨਾਮ ਜਪਾਵੋ। ਰਹਾਉ। ਹੇ ਪ੍ਰਭੂ! ਆਪ ਜੀ ਨੇ ਅਨੇਕਾਂ ਜੀਵ ਹੋਰ ਵਿਸ਼ਿਆਂ ਤੋਂ ਕੱਢ ਲਏ ਹਨ, (ਮੇਰੀ ਬੇਨਤੀ ਹੈ ਕਿ) ਮੇਰਾ ਮਨ ਸਾਧ ਸੰਗਤ ਵਿਚ ਲਾ ਦਿਓ ਜੀ। (ਹੇ ਪ੍ਰਭੂ! ਜਿਨ੍ਹਾਂ ਪੁਰਖਾਂ ਦਾ ਆਪ ਜੀ ਨੇ) ਗੁਰੂ ਦੇ ਬਚਨਾਂ ਦੁਆਰਾ ਭਰਮ, ਡਰ ਤੇ (ਪ੍ਰਵਾਰ ਦਾ) ਮੋਹ ਕੱਟ ਦਿਤਾ ਹੈ, (ਉਨ੍ਹਾਂ ਨੂੰ ਤੁਸੀਂ) ਅਪਣਾ ਦਰਸ਼ਨ ਦਿਖਾ ਦੇਂਦੇ ਹੋ।੧। (ਹੇ ਪ੍ਰਭੂ! ਮੇਹਰ ਕਰੋ ਕਿ) ਮੇਰਾ ਮਨ ਸਭ ਦੇ ਚਰਨਾਂ ਦੀ ਧੂੜ ਬਣਿਆ ਰਹੇ ਅਤੇ ਹੰਕਾਰ ਵਾਲੀ ਬੁੱਧੀ ਦਾ (ਮੇਰੇ ਮਨ ਵਿਚੋਂ) ਤਿਆਗ

ਕਰਵਾ ਦਿਓ।ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ ਹੇ ਦਇਆ ਦੇ ਘਰ ਪ੍ਰਭੂ! ਮੈਨੂੰ ਅਪਣੀ ਭਗਤੀ ਬਖਸ਼ ਦੇਹ, ਤਾਂ ਕਿ ਹੇ ਹਰੀ! ਮੈਂ ਵੱਡੇ ਭਾਗਾਂ ਵਾਲਾ ਹੋ ਕੇ ਆਪ ਜੀ ਨੂੰ ਪ੍ਰਾਪਤ ਕਰ ਲਵਾਂ।੨।੪।੬।

ਪਦਾਰਥ = ਗਾਵਹੁ–ਗਾਉਂਦੇ ਰਹੋ।ਗੋਪਾਲ–ਹੇ ਧਰਤੀ ਦੇ ਜੀਵਾਂ ਦੀ ਪਾਲਣਾ ਕਰਨ ਵਾਲੇ ਪ੍ਰਭੂ!।ਰਹਾਉ।ਆਨ ਬਿਖੈ ਤੇ–ਹੋਰ ਵਿਸ਼ਿਆਂ ਤੋਂ।ਸਾਧ ਸੰਗਿ–ਸਾਧ ਸੰਗਤ ਵਿਚ।ਲਾਵਹੁ–ਲਾ ਦਿਓ।ਭਉ–ਡਰ।ਗੁਰ ਬਚਨੀ–ਗੁਰੂ ਦੇ ਬਚਨਾਂ ਦੁਆਰਾ।੧।ਰੇਨ–ਚਰਨ ਧੂੜ।ਅਹੰਬੁਧਿ–ਹੰਕਾਰ ਵਾਲੀ ਬੁੱਧੀ।ਤਜਾਵਹੁ–ਛਡਾ ਦਿਓ।ਦਇਆਲਾ–ਹੇ ਦਇਆ ਦੇ ਘਰ!।ਵਡਭਾਗੀ–ਵੱਡੇ ਭਾਗਾਂ ਵਾਲਾ ਹੋ ਕੇ।ਪਾਵਹੁ–ਪ੍ਰਾਪਤ ਕਰ ਲਵਾਂ।੨।੪।੬।

ਕੇਦਾਰਾ ਮਹਲਾ ੫ ॥ ਹਰਿ ਬਿਨੁ ਜਨਮੁ ਅਕਾਰਥ ਜਾਤ ॥ ਤਜਿ ਗੋਪਾਲ ਆਨ ਰੰਗਿ ਰਾਚਤ, ਮਿਥਿਆ ਪਹਿਰਤ ਖਾਤ ॥ਰਹਾਉ॥ ਧਨੁ ਜੋਬਨੁ ਸੰਪੈ ਸੁਖ ਭੁੰਗਵੈ, ਸੰਗਿ ਨ ਨਿਬਹਤ ਮਾਤ ॥ ਮ੍ਰਿਗ ਤ੍ਰਿਸਨਾ ਦੇਖਿ ਰਚਿਓ ਬਾਵਰ, ਦ੍ਰੂਮ ਛਾਇਆ ਰੰਗਿ ਰਾਤ ॥੧॥ ਮਾਨ ਮੋਹ ਮਹਾ ਮਦ ਮੋਹਤ, ਕਾਮ ਕ੍ਰੋਧ ਕੈ ਖਾਤ ॥ ਕਰੁ ਗਹਿ ਲੇਹੁ ਦਾਸ ਨਾਨਕ ਕਉ ,ਪ੍ਰਭ ਜੀਉ ਹੋਇ ਸਹਾਤ ॥੨॥੫॥੭॥

(ਹੇ ਭਾਈ!) ਹਰੀ ਦੇ ਨਾਮ ਸਿਮਰਨ ਤੋਂ ਬਿਨਾ ਮਨੁੱਖੀ ਜਨਮ ਬਿਅਰਥ ਬੀਤਦਾ ਜਾਂਦਾ ਹੈ।(ਜੋ ਮਨੁੱਖ) ਗੋਪਾਲ ਨੂੰ ਛਡ ਕੇ ਕਿਸੇ ਹੋਰ (ਦੇਵੀ ਦੇਵਤਿਆਂ) ਦੇ ਪ੍ਰੇਮ ਵਿਚ ਮਗਨ ਹੁੰਦਾ ਹੈ, (ਉਸ ਦਾ) ਪਹਿਨਿਆ ਤੇ ਖਾਧਾ ਹੋਇਆ ਸਭ ਨਿਸਫਲ ਹੈ।ਰਹਾਉ।ਧਨ, ਜੋਬਨ ਤੇ ਮਾਲ ਸੰਪਦਾ ਦਾ (ਜੋ ਮਨੁੱਖ) ਸੁਖ ਭੋਗਦਾ ਹੈ, (ਇਨ੍ਹਾਂ ਵਿਚੋਂ) ਤਿਲ ਮਾਤ੍ਰ ਵੀ ਕੋਈ ਚੀਜ (ਉਸ ਦੇ) ਨਾਲ ਨਹੀਂ ਨਿਭਦੀ ।(ਇਹ) ਝੱਲਾ ਮਨੁੱਖ ਮ੍ਰਿਗ ਤ੍ਰਿਸ਼ਨਾ ਦੇ ਪਾਣੀ ਵਾਂਗ ਨਾਸ਼ਵੰਤ ਪਦਾਰਥਾਂ ਨੂੰ ਦੇਖ ਕੇ (ਇਨਾਂ ਵਿਚ) ਰਚਿਆ ਰਹਿੰਦਾ ਹੈ, (ਝੱਲਾ –ਮਨੁੱਖ) ਬ੍ਰਿਛ ਦੀ ਛਾਂ ਵਾਂਗ ਨਾਸ਼ਵੰਤ ਪਦਾਰਥਾਂ ਦੇ ਪ੍ਰੇਮ ਵਿਚ ਰਚਿਆ ਹੋਇਆ ਹੈ।੧।(ਹੇ ਭਾਈ!) ਮਾਣ ਤੇ ਮੋਹ ਦੇ ਬਹੁਤੇ ਨਸ਼ੇ ਵਿਚ ਮੋਹਤ ਹੋਇਆ (ਝੱਲਾ ਮਨੁੱਖ) ਕਾਮ ਤੇ ਕ੍ਰੋਧ ਦੇ ਟੋਏ ਵਿਚ ਡਿਗ ਰਿਹਾ ਹੈ।ਹੇ ਪ੍ਰਭੂ ਜੀਉ! ਸਹਾਈ ਹੋ ਕੇ ਦਾਸ ਨਾਨਕ ਨੂੰ ਹੱਥ ਫੜ ਕੇ (ਇਨਾਂ ਵਿਕਾਰਾਂ ਤੋਂ) ਬਚਾ ਲਵੋ ਜੀ।੨।੫।੭।

ਪਦਾਰਥ = ਅਕਾਰਥ–ਬਿਅਰਥ।ਜਾਤ–ਬੀਤਦਾ ਜਾਂਦਾ ਹੈ।ਤਜਿ–ਛਡ ਕੇ।ਗੋਪਾਲ–ਧਰਤੀ ਦੇ ਜੀਵਾਂ ਦੀ ਪਾਲਣਾ ਕਰਨ ਵਾਲਾ ਪ੍ਰਭੂ)।ਆਨ ਰੰਗਿ–ਹੋਰ (ਦੇਵੀ ਦੇਵਤਿਆਂ ਜਾਂ ਪਦਾਰਥਾਂ ਦੇ) ਪਿਆਰ ਵਿਚ।ਰਾਚਤ–ਮਗਨ ਰਹਿੰਦਾ ਹੈ।ਮਿਥਿਆ–ਨਾਸ਼ਵੰਤ; ਨਿਸਫਲ।ਪਹਿਰਤ–ਪਹਿਨਿਆ ਹੋਇਆ।ਖਾਤ–ਖਾਧਾ ਹੋਇਆ।ਰਹਾਉ।ਜੋਬਨੁ–ਜਵਾਨੀ।ਸੰਪੈ–ਮਾਲ ਸੰਪਦਾ।ਭੁੰਗਵੈ–ਭੋਗਦਾ ਹੈ ।ਸੰਗਿ–ਨਾਲ।ਨ ਨਿਬਹਤ–ਨਿਭਦੇ ਨਹੀਂ।ਮਾਤ–ਤੁੱਛ ਮਾਤ੍ਰ ਵੀ।ਬਾਵਰ–ਝੱਲਾ ਮਨੁੱਖ।ਦ੍ਰੂਮ ਛਾਇਆ–ਬ੍ਰਿਛ ਦੀ ਛਾਂ।ਰਾਤ–ਰੱਤਾ ਹੋਇਆ ਹੈ।੧।ਮਾਨ–ਹੰਕਾਰ।ਮਹਾ ਮਦ–ਬਹੁਤੇ ਨਸ਼ੇ ਵਿਚ।ਮੋਹਤ–ਮੋਹਿਆ ਹੋਇਆ ਹੈ।ਕੈ ਖਾਤ–ਦੇ ਟੋਏ ਵਿਚ।ਕਰ ਗਹਿ–ਹੱਥ ਫੜ ਕੇ।ਦਾਸ ਨਾਨਕ ਕਉ–ਦਾਸ ਨਾਨਕ ਨੂੰ।ਪ੍ਰਭ ਜੀਉ–ਹੇ ਪ੍ਰਭੂ ਜੀਉ!।ਸਹਾਤ–ਸਹਾਈ।੨।੫।੭।

ਮ੍ਰਿਗ ਤ੍ਰਿਸਨਾ = ਰੇਤਲੇ ਇਲਾਕਿਆਂ ਵਿਚ ਸੂਰਜ ਦੀਆਂ ਕਿਰਣਾਂ ਨਾਲ ਮ੍ਰਿਗ ਆਦਿਕ ਜਾਨਵਰਾਂ ਨੂੰ ਰੇਤ ਪਾਣੀ ਦੀ ਝੀਲ ਭਾਸਦੀ ਹੈ।ਸੂਰਜ ਦੇ ਢਲਣ ਨਾਲ ਅਸਲੀਅਤ ਦਾ ਪਤਾ ਚਲਦਾ ਹੈ।ਮਾਇਆ ਤੇ ਪਦਾਰਥਾਂ ਦੀ ਲਾਲਸਾ ਜਾਂ ਹੋਰ ਅਨਸਥਿਰ ਭੋਗਾਂ ਲਈ ਗੁਰਬਾਣੀ ਵਿਚ ਮ੍ਰਿਗ ਤ੍ਰਿਸ਼ਨਾ ਵਰਤਿਆ ਹੋਇਆ ਹੈ।

ਕੇਦਾਰਾ ਮਹਲਾ ੫ ਹਰਿ ਬਿਨੁ ਕੋਇ ਨ ਚਾਲਸਿ ਸਾਥ ॥ ਦੀਨਾ ਨਾਥ ਕਰੁਣਾਪਤਿ ਸੁਆਮੀ, ਅਨਾਥਾ ਕੇ ਨਾਥ ॥ਰਹਾਉ॥ ਸੁਤ ਸੰਪਤਿ ਬਿਖਿਆ ਰਸ ਭੁੰਗਵਤ, ਨਹ ਨਿਬਹਤ ਜਮ ਕੈ ਪਾਥ ॥ ਨਾਮੁ ਨਿਧਾਨੁ ਗਾਉ ਗੁਨ ਗੋਬਿੰਦ, ਉਧਰੁ ਸਾਗਰ ਕੇ ਖਾਤ ॥੧॥ ਸਰਨਿ ਸਮਰਥ ਅਕਥ ਅਗੋਚਰ, ਹਰਿ ਸਿਮਰਤ ਦੁਖ ਲਾਥ ॥ ਨਾਨਕ ਦੀਨ ਧੂਰਿ ਜਨ ਬਾਂਛਤ, ਮਿਲੇ ਲਿਖਤ ਧੁਰਿ ਮਾਥ ॥੨॥੬॥੮ ॥(ਹੇ ਭਾਈ!) ਹਰੀ ਦੇ ਨਾਮ ਤੋਂ ਬਿਨਾ (ਪ੍ਰਲੋਕ ਵਿਚ) ਜੀਵ ਦੇ ਨਾਲ ਕੋਈ (ਪਦਾਰਥ ਜਾਂ ਸਬੰਧੀ) ਨਹੀਂ ਚਲਦਾ।ਮਾਲਕ ਪ੍ਰਭੂ ਗਰੀਬਾਂ ਦਾ ਮਾਲਕ, ਦਇਆ ਦਾ ਮਾਲਕ ਅਤੇ ਅਨਾਥਾਂ ਦਾ ਵੀ ਮਾਲਕ ਹੈ।ਰਹਾਉ।(ਮੂਰਖ ਮਨੁਖ) ਪੁਤ੍ਰ, ਧਨ ਸੰਪਦਾ ਅਤੇ ਮਾਇਆ ਦੇ ਰਸ ਭੋਗਦਾ ਹੈ, (ਪਰ ਅੰਤ ਸਮੇਂ ਇਨ੍ਹਾਂ ਵਿਚੋਂ ਕੋਈ ਵੀ) ਜਮ ਦੇ ਰਸਤੇ ਤੇ ਜਾਣ ਸਮੇਂ ਜੀਵ ਦਾ ਸਾਥ ਨਹੀਂ ਨਿਭਾਉਂਦਾ ।(ਹੇ ਭਾਈ! ਜਿਸ) ਪ੍ਰਭੂ ਦਾ ਨਾਮ ਜੀਵ ਦੇ ਨਾਲ ਚੱਲਣ ਵਾਲਾ ਖਜਾਨਾ ਹੈ, (ਉਸ) ਪ੍ਰਭੂ ਦੇ ਗੁਣ ਗਾਇਆ ਕਰ, (ਇਸ ਤਰ੍ਹਾਂ ਤੂੰ ਅਪਣੇ ਆਪ ਨੂੰ) ਸੰਸਾਰ ਸਮੁੰਦਰ ਦੇ ਟੋਏ ਵਿਚ ਡਿਗਣ ਤੋਂ ਬਚਾ ਲੈ।੧।(ਹੇ ਭਾਈ! ਜੋ) ਪ੍ਰਭੂ ਸ਼ਰਨ ਵਿਚ ਆਏ ਜੀਵ ਦੀ

ਰੱਖਿਆ ਕਰਨ ਦੇ ਸਮਰੱਥ ਹੈ, ਕਥਨ ਕਰਨ ਤੋਂ ਰਹਿਤ ਹੈ, ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹੈ, (ਉਸ) ਹਰੀ ਦਾ ਨਾਮ ਸਿਮਰਦਿਆਂ ਸਾਰੇ ਦੁਖ ਲਹਿ ਜਾਂਦੇ ਹਨ। ਹੇ ਪ੍ਰਭੂ ! ਨਿਮਾਣਾ ਨਾਨਕ ਤੈਥੋਂ ਸੰਤ ਜਨਾਂ ਦੇ ਚਰਨਾਂ ਦੀ ਧੂੜ ਮੰਗਦਾ ਹੈ, (ਪਰ ਸੰਤਾਂ ਦੇ ਚਰਨਾਂ ਦੀ ਧੂੜ ਤਾਂ) ਮਿਲਦੀ ਹੈ, ਜੇ ਮੱਥੇ ਤੇ ਧੁਰੋਂ ਲਿਖਤ ਲਿਖੀ ਹੋਵੇ।੨।੬।੮।

ਪਦਾਰਥ = ਨ ਚਾਲਸਿ–ਨਹੀਂ ਚਲਦਾ। ਸਾਥ–ਨਾਲ। ਦੀਨਾ ਨਾਥ–ਗਰੀਬਾਂ ਦਾ ਮਾਲਕ। ਕਰੁਣਾਪਤਿ–ਦਇਆ ਦਾ ਮਾਲਕ। ਸੁਆਮੀ –ਮਾਲਕ। ਅਨਾਥਾ ਨਾਥ–ਯਤੀਮਾਂ ਦਾ ਮਾਲਕ। ਰਹਾਉ। ਸੁਤ–ਪੁਤ੍ਰ। ਸੰਪਤਿ–ਮਾਲ ਡੰਗਰ (ਪਸ਼ੂ ਘੋੜੇ ਹਾਥੀ ਆਦਿ)। ਬਿਖਿਆ ਰਸ –ਮਾਇਆ ਦਾ ਅਨੰਦ। ਭੁੰਗਵਤ–ਭੋਗਦਾ ਹੈ। ਨਹ ਨਿਬਹਤ–ਨਿਭਾਉਂਦਾ ਨਹੀਂ। ਜਮ ਕੈ ਪਾਥ–ਜਮ ਦੇ ਰਸਤੇ ਤੇ। ਨਿਧਾਨੁ–ਖਜਾਨਾ। ਉਧਰੁ–ਬਚਾ ਲੈ। ਸਾਗਰ ਕੇ ਖਾਤ–ਸੰਸਾਰ ਸਮੁੰਦਰ ਦੇ ਟੋਏ ਵਿਚ ਡਿਗਣ ਤੋਂ।੧। ਸਮਰਥ–ਸਭ ਤਾਕਤਾਂ ਦਾ ਮਾਲਕ। ਅਕਥ (ਅਕੱਥ ਪੜ੍ਹੋ)–ਜਿਸ ਦਾ ਸਹੀ ਸਰੂਪ ਕਿਹਾ ਨਾ ਜਾ ਸਕੇ। ਅਗੋਚਰ–ਗਿਆਨ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ। ਲਾਥ–ਲਹਿ ਜਾਂਦੇ ਹਨ । ਧੂਰਿ–ਚਰਨ ਧੂੜ। ਜਨ–ਸੰਤ ਜਨਾਂ ਦੀ। ਬਾਂਛਤ–ਮੰਗਦਾ ਹੈ। ਧੁਰਿ ਲਿਖਤ–ਧੁਰੋਂ ਲਿਖੀ ਲਿਖਤ। ਮਾਥ–ਮੱਥੇ ਉਤੇ।੨।੬।੮।

ਅੰਗ ੧੧੨੧ = ਕੇਦਾਰਾ ਮਹਲਾ ੫ ਘਰੁ ੫ ੧ੴ ਸਤਿਗੁਰ ਪ੍ਰਸਾਦਿ ॥ ਬਿਸਰਤ ਨਾਹਿ ਮਨ ਤੇ ਹਰੀ ॥ ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ, ਆਨ ਬਿਖੈ ਜਰੀ ॥ਰਹਾਉ॥ ਬੂੰਦ ਕਹਾ ਤਿਆਗਿ ਚਾਤ੍ਰਿਕ, ਮੀਨ ਰਹਤ ਨ ਘਰੀ ॥ ਗੁਨ ਗੋਪਾਲ ਉਚਾਰੁ ਰਸਨਾ, ਟੇਵ ਇਹ ਪਰੀ ॥੧॥ ਮਹਾ ਨਾਦ ਕੁਰੰਕ ਮੋਹਿਓ, ਬੇਧਿ ਤੀਖਨ ਸਰੀ ॥ ਪ੍ਰਭ ਚਰਨ ਕਮਲ ਰਸਾਲ ਨਾਨਕ, ਗਾਠਿ ਬਾਧਿ ਧਰੀ ॥੨॥੧॥੯॥ (ਹੇ ਭਾਈ ! ਮੇਰੇ) ਮਨ ਤੋਂ ਹਰੀ ਭੁਲਦਾ ਨਹੀਂ। ਹੁਣ (ਮੇਰੇ ਮਨ ਵਿਚ) ਇਹ ਪ੍ਰੀਤ ਬਹੁਤ ਬਲਵਾਨ ਹੋ ਗਈ ਹੈ, (ਜਿਸ ਦਾ ਸਦਕਾ ਮੇਰੇ ਅੰਦਰੋਂ) ਹੋਰ ਵਿਸ਼ਿਆਂ ਵਾਲੀ ਪ੍ਰੀਤ ਸੜ ਗਈ ਹੈ। ਰਹਾਉ। (ਅੱਗੇ ਪਪੀਹੇ ਤੇ ਮੱਛੀ ਦੀ ਪ੍ਰੀਤ ਦਾ ਦ੍ਰਿਸ਼ਟਾਂਤ ਦੇਂਦੇ ਹਨ, ਜਿਵੇਂ) ਚਾਤ੍ਰਿਕ ਸ੍ਵਾਂਤੀ ਬੂੰਦ ਕਿਵੇਂ ਤਿਆਗ ਸਕਦਾ ਹੈ? ਮੱਛੀ (ਪਾਣੀ ਤੋਂ ਬਿਨਾ) ਇਕ ਘੜੀ ਜਿਉਂਦੀ ਨਹੀਂ ਰਹਿ ਸਕਦੀ। (ਇਸ ਤਰ੍ਹਾਂ ਮੈਂ ਵੀ) ਜੀਭ ਨਾਲ ਗੋਪਾਲ ਦੇ ਗੁਣ ਉਚਾਰਨ ਕਰਦਾ ਹਾਂ, (ਮੈਨੂੰ ਇਹ) ਆਦਤ ਪੈ ਗਈ ਹੈ।੧। (ਜਿਵੇਂ) ਘੰਡੇਹੇੜੇ ਦੀ ਵੱਡੀ ਅਵਾਜ ਸੁਣ ਕੇ ਹਿਰਨ ਇਤਨਾ ਮੋਹਿਆ ਜਾਂਦਾ ਹੈ ਕਿ ਉਹ ਸ਼ਿਕਾਰੀ ਦੇ ਤਿੱਖੇ ਤੀਰਾਂ ਨਾਲ ਵਿੰਨਿਆ ਜਾਂਦਾ ਹੈ । ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦੇ ਚਰਨ ਕਮਲ ਰਸਦਾਇਕ ਹਨ, (ਪ੍ਰਭੂ ਦੇ ਚਰਨਾਂ ਦੀ ਪ੍ਰੀਤੀ ਮੈਂ) ਗੰਢ ਬੰਨ੍ਹ ਕੇ (ਦ੍ਰਿੜ ਕਰਕੇ ਹਿਰਦੇ ਵਿਚ) ਧਾਰਨ ਕਰ ਲਈ ਹੈ।੨।੧।੯।

ਪਦਾਰਥ = ਮਨ ਤੇ–ਮਨ ਤੋਂ। ਅਬ–ਹੁਣ। ਮਹਾ ਪ੍ਰਬਲ–ਬਹੁਤ ਬਲਵਾਨ। ਭਈ–ਹੋ ਗਈ ਹੈ। ਆਨ ਬਿਖੈ–ਹੋਰ ਵਿਸ਼ਿਆਂ ਵਾਲੀ। ਜਰੀ–ਸੜ ਗਈ ਹੈ। ਰਹਾਉ। ਬੂੰਦ–ਸ੍ਵਾਂਤੀ ਬੂੰਦ। ਕਹਾ–ਕਿਵੇਂ। ਤਿਆਗਿ–ਛਡ ਸਕਦਾ ਹੈ। ਚਾਤ੍ਰਿਕ–ਪਪੀਹਾ। ਮੀਨ–ਮੱਛੀ। ਰਹਤ ਨ–ਰਹਿ ਨਹੀਂ ਸਕਦੀ। ਘਰੀ–ਇਕ ਘੜੀ। ਗੋਪਾਲ–ਧਰਤੀ ਦੇ ਜੀਵਾਂ ਦੀ ਪਾਲਣਾ ਕਰਨ ਵਾਲਾ ਪ੍ਰਭੂ। ਰਸਨਾ–ਜੀਭ ਨਾਲ। ਟੇਵ–ਆਦਤ; ਸੁਭਾਵ। ਪਰੀ–ਪੈ ਗਈ ਹੈ।੧। ਮਹਾ ਨਾਦ–ਘੰਡੇਹੇੜੇ ਦੀ ਜੋਰਦਾਰ ਅਵਾਜ। ਕੁਰੰਕ–ਹਿਰਣ। ਮੋਹਿਓ–ਮੋਹਤ ਹੋ ਜਾਂਦਾ ਹੈ। ਬੇਧਿ–ਵਿੰਨਿਆ ਜਾਂਦਾ ਹੈ। ਤੀਖਨ–ਤਿੱਖੇ। ਸਰੀ–ਤੀਰਾਂ ਨਾਲ। ਕਮਲ–ਕਮਲ ਫੁੱਲ ਵਰਗੇ ਸੁੰਦਰ। ਰਸਾਲ–ਰਸਦਾਇਕ; ਸਵਾਦੀ; ਮਿੱਠੇ। ਗਾਠਿ–ਗੰਢ। ਬਾਧਿ–ਬੰਨ੍ਹ ਕੇ। ਧਰੀ–ਧਾਰਨ ਕਰ ਲਈ ਹੈ।੨।੧।੯।

ਕੇਦਾਰਾ ਮਹਲਾ ੫ ॥ ਪ੍ਰੀਤਮ ਬਸਤ ਰਿਦ ਮਹਿ ਖੋਰ ॥ ਭਰਮ ਭੀਤਿ ਨਿਵਾਰਿ ਠਾਕੁਰ, ਗਹਿ ਲੇਹੁ ਅਪਨੀ ਓਰ ॥੧॥ਰਹਾਉ॥ ਅਧਿਕ ਗਰਤ ਸੰਸਾਰ ਸਾਗਰ, ਕਰਿ ਦਇਆ ਚਾਰਹੁ ਧੋਰ ॥ ਸੰਤ ਸੰਗਿ ਹਰਿ ਚਰਨ ਬੋਹਿਥ, ਉਧਰਤੇ ਲੈ ਮੋਰ ॥੧॥ ਗਰਭ ਕੁੰਟ ਮਹਿ ਜਿਨਹਿ ਧਾਰਿਓ, ਨਹੀ ਬਿਖੈ ਬਨ ਮਹਿ ਹੋਰ ॥ ਹਰਿ ਸਕਤ ਸਰਨ ਸਮਰਥ ਨਾਨਕ, ਆਨ ਨਹੀ ਨਿਹੋਰ ॥੨॥੨॥੧੦॥ (ਹੇ ਭਾਈ !) ਪਿਆਰਾ ਪ੍ਰਭੂ ਮੇਰੇ ਹਿਰਦੇ ਰੂਪ ਗੁਫਾ ਵਿਚ ਵਸਦਾ ਹੈ। (ਮੈਂ ਪ੍ਰਭੂ ਅੱਗੇ ਬੇਨਤੀ ਕਰਦਾ ਹਾਂ ਕਿ) ਹੇ ਠਾਕੁਰ ! (ਮੇਰੇ ਅੰਦਰੋਂ) ਭਰਮ ਦੀ ਕੰਧ (ਪੜਦਾ) ਦੂਰ ਕਰਕੇ ਮੈਨੂੰ ਫੜ ਕੇ ਅਪਣੀ ਤਰਫ ਕਰ ਲਵੋ ਜੀ।੧। ਰਹਾਉ। (ਹੇ ਪ੍ਰਭੂ !) ਸੰਸਾਰ ਸਮੁੰਦਰ ਇਕ ਵੱਡਾ ਟੋਆ ਹੈ, ਦਇਆ ਕਰਕੇ (ਇਸ ਵਿਚੋਂ ਮੈਨੂੰ) ਕੰਢੇ ਤੇ ਚੜ੍ਹਾ (ਪਾਰ ਕਰ) ਲਵੋ। ਹੇ ਹਰੀ ! ਸੰਤਾਂ ਦੀ ਸੰਗਤ ਵਿਚ ਰੱਖ ਕੇ ਅਪਣੇ ਚਰਨ ਰੂਪ ਜਹਾਜ ਵਿਚ ਚੜ੍ਹਾ ਕੇ ਮੈਨੂੰ ਉਧਾਰ (ਸੰਸਾਰ ਸਮੁੰਦਰ ਤੋਂ ਤਾਰ) ਲੈ।੧। (ਹੇ ਭਾਈ !) ਜਿਸ ਪ੍ਰਭੂ ਨੇ ਮਾਂ ਦੇ ਗਰਭ ਕੁੰਡ ਵਿਚ ਆਸਰਾ ਦੇ ਕੇ ਬਚਾਈ ਰਖਿਆ ਹੈ, ਵਿਸ਼ਿਆਂ ਦੇ ਸਮੁੰਦਰ ਵਿਚ ਬਚਾਉਣ ਵਾਲਾ (ਪ੍ਰਭੂ ਤੋਂ ਬਿਨਾ) ਹੋਰ ਕੋਈ

ਨਹੀਂ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦੀ ਸ਼ਰਨ ਬਲ ਵਾਲੀ ਹੈ ਅਤੇ ਜੀਵਾਂ ਦੀ ਰੱਖਿਆ ਕਰਨ ਦੇ ਸਮਰੱਥ ਹੈ, (ਇਸ ਲਈ ਮੈਨੂੰ ਉਸ ਤੋਂ ਬਿਨਾ) ਹੋਰ ਕਿਸੇ ਦਾ ਅਹਿਸਾਨ ਨਹੀਂ ਹੈ। ੨। ੨। ੧੦।

ਪਦਾਰਥ = ਪ੍ਰੀਤਮ–ਪਿਆਰਾ ਪ੍ਰਭੂ। ਬਸਤ–ਵਸਦਾ ਹੈ। ਰਿਦ ਮਹਿ–ਹਿਰਦੇ ਵਿਚ। ਖੋਰ–ਗੁਫਾ; ਖੁੱਡ। ਭੀਤਿ–ਕੰਧ (ਪੜਦਾ)। ਨਿਵਾਰਿ–ਦੂਰ ਕਰ। ਠਾਕੁਰ–ਹੇ ਮਾਲਕ ਪ੍ਰਭੂ !। ਗਹਿ ਲੇਹੁ–ਫੜ ਲਵੋ। ਓਰ–ਤਰਫ; ਪਾਸੇ। ੧। ਰਹਾਉ। ਅਧਿਕ ਗਰਤ–ਵੱਡਾ ਟੋਆ। ਸਾਗਰ–ਸਮੁੰਦਰ। ਕਰਿ–ਕਰਕੇ। ਚਾਰਹੁ–ਚੜ੍ਹਾ ਲਵੋ। ਧੋਰ–ਕੰਢੇ ਤੇ। ਸੰਤ ਸੰਗਿ–ਸੰਤਾਂ ਦੀ ਸੰਗਤ ਵਿਚ। ਬੋਹਿਥ–ਜਹਾਜ। ਉਧਰਤੇ ਲੈ–ਬਚਾ ਲੈ। ਮੋਰ–ਮੈਨੂੰ। ੧। ਗਰਭ ਕੁੰਟ ਮਹਿ–ਗਰਭ ਦੇ ਕੁੰਡ ਵਿਚ। ਜਿਨਹਿ–ਜਿਸ (ਪ੍ਰਭੂ) ਨੇ। ਧਾਰਿਓ–ਆਸਰਾ ਦੇ ਕੇ ਬਚਾਈ ਰੱਖਿਆ। ਬਿਖੈ ਬਨ ਮਹਿ–ਵਿਸ਼ਿਆਂ ਦੇ ਸਮੁੰਦਰ ਵਿਚ; ਵਿਸ਼ਿਆਂ ਦੇ ਸੰਸਾਰ ਰੂਪ ਜੰਗਲ ਵਿਚ। ਸਕਤ ਸਰਨ–ਸ਼ਰਨ ਬਲ ਵਾਲੀ ਹੈ। ਸਮਰਥ–ਰੱਖਿਆ ਕਰਨ ਦੇ ਸਮਰਥ ਹੈ। ਆਨ–ਹੋਰ ਕੋਈ। ਨਿਹੋਰ–ਅਹਿਸਾਨ; ਮੁਹਤਾਜੀ। ੨। ੨। ੧੦।

ਕੇਦਾਰਾ ਮਹਲਾ ਪ ॥ ਰਸਨਾ ਰਾਮ ਰਾਮ ਬਖਾਨੁ ॥ ਗੁਨ ਗੋਪਾਲ ਉਚਾਰੁ ਦਿਨੁ ਰੈਨਿ, ਭਏ ਕਲਮਲ ਹਾਨ ॥ਰਹਾਉ॥ ਤਿਆਗਿ ਚਲਨਾ ਸਗਲ ਸੰਪਤਿ, ਕਾਲੁ ਸਿਰ ਪਰਿ ਜਾਨੁ ॥ ਮਿਥਨ ਮੋਹ ਦੁਰੰਤ ਆਸਾ, ਝੂਠੁ ਸਰਪਰ ਮਾਨੁ ॥੧॥ ਸਤਿ ਪੁਰਖ ਅਕਾਲ ਮੂਰਤਿ, ਰਿਦੈ ਧਾਰਹੁ ਧਿਆਨੁ ॥ ਨਾਮੁ ਨਿਧਾਨੁ ਲਾਭੁ ਨਾਨਕ, ਬਸਤੁ ਇਹ ਪਰਵਾਨੁ ॥੨॥੩॥੧੧॥ (ਹੇ ਭਾਈ ! ਅਪਣੀ) ਜੀਭ ਨਾਲ ਦਿਨ ਰਾਤ ਪ੍ਰਭੂ ਦਾ ਨਾਮ ਉਚਾਰਨ ਕਰ। ਅਤੇ ਗੁਪਾਲ ਦੇ ਗੁਣ ਦਿਨ ਰਾਤ ਉਚਾਰਨ (ਗਾਇਆ) ਕਰ, (ਜਿਸ ਨੇ ਪ੍ਰਭੂ ਦੇ ਗੁਣ ਗਾਏ ਹਨ, ਉਸ ਦੇ) ਸਾਰੇ ਪਾਪ ਨਾਸ਼ ਹੋ ਗਏ ਹਨ। ਰਹਾਉ। (ਹੇ ਭਾਈ !) ਸਾਰਾ ਮਾਲ ਧਨ ਛਡ ਕੇ ਪ੍ਰਲੋਕ ਵਿਚ ਚਲੇ ਜਾਣਾ ਹੈ, ਮੌਤ ਨੂੰ ਸਿਰ ਉਪਰ ਖੜੀ ਜਾਣ। ਮਿਥਿਆ ਪਦਾਰਥਾਂ ਦਾ ਮੋਹ ਤੇ ਬੁਰੇ ਅੰਤ ਵਾਲੀ ਆਸਾ ਨੂੰ ਤੂੰ ਜਰੂਰ ਹੀ ਝੂਠ (ਨਾਸ਼ਵੰਤ) ਮੰਨ। ੧। (ਹੇ ਭਾਈ !) ਸਦਾ ਕਾਇਮ ਰਹਿਣ ਵਾਲਾ ਸਰਬ ਵਿਆਪਕ ਪ੍ਰਭੂ ,ਜਿਸ ਦਾ ਸਰੂਪ ਕਾਲ ਰਹਿਤ ਹੈ, (ਉਸ ਦਾ) ਹਿਰਦੇ ਵਿਚ ਧਿਆਨ ਧਰੋ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦਾ ਨਾਮ ਸੁੱਖਾਂ ਦਾ ਖਜਾਨਾ ਹੈ, (ਸੰਸਾਰ ਵਿਚ ਨਾਮ ਸਿਮਰਨ ਦਾ ਹੀ) ਲਾਭ ਹੈ, ਇਹ ਵਸਤੂ ਪ੍ਰਭੂ ਦੇ ਦਰਬਾਰ ਵਿਚ ਪ੍ਰਵਾਨ ਹੁੰਦੀ ਹੈ। ੨। ੩। ੧੧।

ਪਦਾਰਥ = ਰਸਨਾ–ਜੀਭ ਨਾਲ। ਰਾਮ–ਸਰਬ ਵਿਆਪਕ ਪ੍ਰਮਾਤਮਾ। ਬਖਾਨੁ–ਉਚਾਰਨ ਕਰ। ਗੋਪਾਲ–ਪ੍ਰਿਥਵੀ ਦੇ ਜੀਵਾਂ ਦੀ ਪਾਲਣਾ ਕਰਨ ਵਾਲਾ ਪ੍ਰਭੂ। ਰੈਨਿ–ਰਾਤ। ਭਏ ਹਾਨ–ਨਾਸ਼ ਹੋ ਗਏ। ਕਲਮਲ–ਪਾਪ। ਰਹਾਉ। ਤਿਆਗਿ–ਛਡ ਕੇ। ਚਲਨਾ–ਚਲੇ ਜਾਣਾ ਹੈ। ਸਗਲ ਸੰਪਤਿ–ਸਾਰਾ ਮਾਲ ਧਨ (ਹਾਥੀ ਘੋੜੇ ਆਦਿ)। ਕਾਲੁ–ਮੌਤ। ਸਿਰ ਪਰਿ–ਸਿਰ ਉਪਰ। ਜਾਨੁ–ਜਾਣ (ਸਮਝ)। ਮਿਥਨ ਮੋਹ–ਮਿਥਿਆ ਪਦਾਰਥਾਂ ਦਾ ਮੋਹ। ਦੁਰੰਤ ਆਸਾ–ਉਹ ਆਸਾ ਜਿਸ ਦਾ ਅੰਤ ਬੁਰਾ ਹੈ। ਸਰਪਰ–ਜਰੂਰ (ਹਰ ਹਾਲਤ ਵਿਚ)। ਮਾਨੁ–ਮੰਨ। ੧। ਸਤਿ–ਸਦਾ ਕਾਇਮ ਰਹਿਣ ਵਾਲਾ। ਪੁਰਖ–ਸਰਬ ਵਿਆਪਕ ਪ੍ਰਭੂ। ਅਕਾਲ ਮੂਰਤਿ–ਕਾਲ ਰਹਿਤ ਸਰੂਪ। ਰਿਦੈ–ਹਿਰਦੇ ਵਿਚ। ਨਿਧਾਨੁ–ਸੁੱਖਾਂ ਦਾ ਖਜਾਨਾ। ਬਸਤੁ–ਵਸਤੂ; ਪਦਾਰਥ। ਪਰਵਾਨੁ–ਪ੍ਰਵਾਨ (ਕਬੂਲ) ਹੈ। ੨। ੩। ੧੧।

ਕੇਦਾਰਾ ਮਹਲਾ ਪ ॥ ਹਰਿ ਕੇ ਨਾਮ ਕੋ ਆਧਾਰੁ ॥ ਕਲਿ ਕਲੇਸ ਨ ਕਛੁ ਬਿਆਪੈ, ਸੰਤ ਸੰਗਿ ਬਿਉਹਾਰੁ ॥ਰਹਾਉ॥ ਕਰਿ ਅਨੁਗ੍ਰਹੁ ਆਪਿ ਰਾਖਿਓ, ਨਹ ਉਪਜਤਉ ਬੇਕਾਰ ॥ ਜਿਸੁ ਪਰਾਪਤਿ ਹੋਇ ਸਿਮਰੈ, ਤਿਸੁ ਦਹਤ ਨਹ ਸੰਸਾਰੁ ॥੧॥ ਸੁਖ ਮੰਗਲ ਆਨੰਦ ਹਰਿ ਹਰਿ, ਪ੍ਰਭ ਚਰਨ ਅੰਮ੍ਰਿਤ ਸਾਰੁ ॥ ਨਾਨਕ ਦਾਸ ਸਰਨਾਗਤੀ, ਤੇਰੇ ਸੰਤਨਾ ਕੀ ਛਾਰੁ ॥੨॥੪॥੧੨॥ (ਹੇ ਭਾਈ ! ਜਿਸ ਮਨੁੱਖ ਨੂੰ) ਹਰੀ ਦੇ ਨਾਮ ਦਾ ਆਸਰਾ ਹੈ। (ਉਸ ਨੂੰ) ਝਗੜਾ ਤੇ ਕਲੇਸ਼ ਨਹੀਂ ਵਿਆਪਦਾ, (ਕਿਉਂਕਿ ਉਸ ਦਾ) ਮੇਲ ਜੋਲ ਸੰਤਾਂ ਨਾਲ ਹੈ ;(ਉਹ) ਸੰਤਾਂ ਦੀ ਸੰਗਤ ਵਿਚ ਹਰਿ ਨਾਮ ਦਾ ਵਪਾਰ ਕਰਦਾ ਹੈ। ਰਹਾਉ। (ਹੇ ਭਾਈ ! ਜਿਸ ਮਨੁੱਖ ਦੀ) ਰੱਖਿਆ ਪ੍ਰਭੂ ਆਪ ਕ੍ਰਿਪਾ ਕਰਕੇ ਕਰਦਾ ਹੈ, (ਉਸ ਦੇ ਮਨ ਵਿਚ ਕੋਈ) ਵਿਕਾਰ ਪੈਦਾ ਨਹੀਂ ਹੁੰਦਾ। ਜਿਸ ਮਨੁੱਖ ਨੂੰ (ਗੁਰੂ ਪਾਸੋਂ) ਨਾਮ ਦੀ ਦਾਤ ਪ੍ਰਾਪਤ ਹੁੰਦੀ ਹੈ, ਉਹੀ ਹਰਿ ਨਾਮ ਸਿਮਰਦਾ ਹੈ, ਉਸ ਨੂੰ ਸੰਸਾਰ ਵਿਕਾਰਾਂ ਦੀ ਅੱਗ ਰੂਪ ਹੋ ਕੇ ਸਾੜਦਾ ਨਹੀਂ। ੧। (ਹੇ ਭਾਈ !) ਹਰਿ ਹਰਿ ਨਾਮ ਦਾ ਸਿਮਰਨ ਸੁਖ, ਖੁਸ਼ੀਆਂ ਤੇ ਅਨੰਦ ਦੇਣ ਵਾਲਾ ਹੈ ਅਤੇ ਪ੍ਰਭੂ ਦੇ ਚਰਨਾਂ ਦਾ ਧਿਆਨ ਸ੍ਰੇਸ਼ਟ ਅੰਮ੍ਰਿਤ ਹੈ। (ਹੇ ਪ੍ਰਭੂ !) ਦਾਸ ਨਾਨਕ ਤੇਰੀ ਸ਼ਰਣ ਵਿਚ ਆਇਆ ਹੈ ਅਤੇ ਤੇਰੇ ਸੰਤਾਂ ਦੀ ਚਰਨ ਧੂੜ ਮੰਗਦਾ ਹੈ। ੨। ੪। ੧੨।

ਪਦਾਰਥ = ਨਾਮ ਕੋ–ਨਾਮ ਦਾ। ਆਧਾਰੁ–ਆਸਰਾ। ਕਲਿ–ਕਲਜੁਗ ਵਿਚ; ਝਗੜੇ। ਨ ਬਿਆਪੈ–ਨਹੀਂ ਲਗ ਸਕਦਾ। ਸੰਤ ਸੰਗਿ–

ਸੰਤਾਂ ਨਾਲ; ਸੰਤਾਂ ਦੀ ਸੰਗਤ ਵਿਚ। ਬਿਉਹਾਰੁ–ਮੇਲ ਜੋਲ; ਲੈਣ ਦੇਣ (ਵਪਾਰ)। ਰਹਾਉ। ਕਰਿ ਅਨੁਗ੍ਰਹੁ–ਕ੍ਰਿਪਾ ਕਰਕੇ। ਰਾਖਿਓ–ਰੱਖਿਆ ਕੀਤੀ। ਨਹ ਉਪਜਤਉ–ਪੈਦਾ ਨਹੀਂ ਹੁੰਦਾ। ਬੇਕਾਰੁ–ਵਿਕਾਰ। ਸਿਮਰੈ–ਸਿਮਰਦਾ ਹੈ। ਤਿਸੁ–ਉਸ ਨੂੰ। ਦਹਤ ਨਹ–ਸਾੜਦੀ ਨਹੀਂ। ਸੰਸਾਰੁ–ਸੰਸਾਰ ਵਿਕਾਰਾਂ ਦੀ ਅੱਗ ਰੂਪ ਹੋ ਕੇ। ੧। ਮੰਗਲ–ਖੁਸ਼ੀਆਂ। ਸਾਰੁ–ਸ੍ਰੇਸ਼ਟ। ਸਰਣਾਗਤੀ–ਸ਼ਰਣ ਵਿਚ ਆਇਆ ਹਾਂ। ਸੰਤਨਾਂ ਕੀ ਛਾਰੁ–ਸੰਤਾਂ ਦੀ ਚਰਨ ਧੂੜ। ੨। ੪। ੧੨।

ਕੇਦਾਰਾ ਮਹਲਾ ਪ ॥ ਹਰਿ ਕੇ ਨਾਮ ਬਿਨੁ ,ਧ੍ਰਿਗੁ ਸ੍ਰੋਤ ॥ ਜੀਵਨ ਰੂਪ ਬਿਸਾਰਿ ਜੀਵਹਿ, ਤਿਹ ਕਤ ਜੀਵਨ ਹੋਤ ॥ਰਹਾਉ॥ ਖਾਤ ਪੀਤ ਅਨੇਕ ਬਿੰਜਨ, ਜੈਸੇ ਭਾਰ ਬਾਹਕ ਖੋਤ ॥ ਆਠ ਪਹਰ ਮਹਾ ਸ੍ਰਮੁ ਪਾਇਆ, ਜੈਸੇ ਬਿਰਖ ਜੰਤੀ ਜੋਤ ॥੧॥ ਤਜਿ ਗੋਪਾਲ ਜਿ ਆਨ ਲਾਗੈ, ਸੇ ਬਹੁ ਪ੍ਰਕਾਰੀ ਰੋਤ ॥ ਕਰ ਜੋਰਿ ਨਾਨਕ ਦਾਨੁ ਮਾਗੈ, ਹਰਿ ਰਖਉ ਕੰਠਿ ਪਰੋਤ ॥੨॥੫॥੧੩॥ (ਹੇ ਭਾਈ!) ਹਰੀ ਦਾ ਨਾਮ ਸੁਣਨ ਤੋਂ ਬਿਨਾ (ਮਨੁੱਖ ਦੇ) ਕੰਨ ਧ੍ਰਿਗ ਹਨ। (ਜਿਹੜੇ ਮਨੁੱਖ) ਜੀਵਨ ਦੇਣ ਵਾਲੇ ਚੇਤਨ ਸਰੂਪ ਪ੍ਰਭੂ ਨੂੰ ਭੁਲਾ ਜਿਉਂਦੇ ਹਨ, ਉਨ੍ਹਾਂ ਦਾ ਜਿਉਣਾ ਕਾਹਦਾ ਹੈ? (ਅਜੇਹਾ ਜੀਵਨ ਨਿਸਫਲ ਹੈ)। ਰਹਾਉ। (ਜਿਹੜੇ ਮਨੁੱਖ ਪ੍ਰਭੂ ਨੂੰ ਭੁਲਾ ਕੇ) ਅਨੇਕਾਂ ਤਰ੍ਹਾਂ ਦੇ ਸੁਆਦਲੇ ਭੋਜਨ ਖਾਂਦੇ ਅਤੇ (ਦੁੱਧ ਲੱਸੀ ਆਦਿ) ਪੀਂਦੇ ਹਨ, (ਉਹ ਇਉਂ ਸਮਝੋ) ਜਿਸ ਤਰ੍ਹਾਂ ਭਾਰ ਢੋਣ ਵਾਲੇ ਗਧੇ ਹੁੰਦੇ ਹਨ। (ਉਨ੍ਹਾਂ ਨੇ) ਅੱਠੇ ਪਹਰ ਕੰਮ ਧੰਧਿਆਂ ਵਿਚ ਲਗ ਕੇ ਕਸ਼ਟ ਹੀ ਪਾਇਆ ਹੈ, ਜਿਸ ਤਰ੍ਹਾਂ ਬਲਦ ਕੋਹਲੂ ਨਾਲ ਜੁੜਿਆ ਹੋਇਆ ਬੜਾ ਦੁਖ ਪਾਉਂਦਾ ਹੈ। ੧। (ਹੇ ਭਾਈ!) ਜਿਹੜੇ ਮਨੁੱਖ ਗੁਪਾਲ ਦਾ ਸਿਮਰਨ ਛਡ ਕੇ ਹੋਰ ਕੰਮਾਂ; ਦੇਵੀ ਦੇਵਤਿਆਂ ਦੀ ਪੂਜਾ ਵਿਚ ਲੱਗੇ ਹੋਏ ਹਨ, ਉਹ ਬਹੁਤ ਤਰ੍ਹਾਂ ਨਾਲ ਰੋਂਦੇ ਹੀ ਦੇਖੇ ਹਨ। ਹੇ ਹਰੀ! ਨਾਨਕ ਹੱਥ ਜੋੜ ਕੇ (ਤੇਰੇ ਪਾਸੋਂ ਇਹ) ਦਾਨ ਮੰਗਦਾ ਹੈ ਕਿ ਮੈਂ ਤੇਰਾ ਨਾਮ ਅਪਣੇ ਕੰਠ ਵਿਚ ਪਰੋਈ ਰੱਖਾਂ। ੨। ੫। ੧੩।

ਪਦਾਰਥ = ਧ੍ਰਿਗੁ–ਫਿਟਕਾਰ ਯੋਗ। ਸ੍ਰੋਤ–ਕੰਨ। ਜੀਵਨ ਰੂਪ–ਜੀਵਨ ਪ੍ਰਭੂ ਦਾ ਹੀ ਰੂਪ ਹੈ। ਬਿਸਾਰਿ–ਭੁਲਾ ਕੇ। ਜੀਵਹਿ–ਜਿਉਂਦੇ ਹਨ। ਤਿਹ–ਉਨ੍ਹਾਂ ਦਾ। ਕਤ–ਕਾਹਦਾ। ਹੋਤ–ਹੁੰਦਾ ਹੈ। ਰਹਾਉ। ਖਾਤ ਬਿੰਜਨ–ਭੋਜਨ ਖਾਂਦੇ ਹਨ। ਪੀਤ–ਪੀਂਦੇ ਹਨ। ਭਾਰ ਬਾਹਕ–ਬੋਝ ਵਾਹੁਣ (ਢੋਣ) ਵਾਲੇ। ਖੋਤ–ਗਧੇ। ਮਹਾ ਸ੍ਰਮੁ–ਬਹੁਤਾ ਕਸ਼ਟ; ਬਹੁਤੀ ਥਕਾਵਟ। ਬਿਰਖ–ਬਲਦ। ਜੰਤੀ–ਜੰਤ੍ਰ (ਕੋਹਲੂ)। ਜੋਤ–ਜੋੜਿਆ ਹੋਇਆ। ੧। ਤਜਿ–ਛਡ ਕੇ। ਗੋਪਾਲ–ਸ੍ਰਿਸਟੀ ਦਾ ਪਾਲਣਹਾਰ ਪ੍ਰਭੂ। ਜਿ–ਜਿਹੜੇ ਮਨੁੱਖ। ਆਨ–ਹੋਰ ਪਾਸੇ। ਸੇ–ਉਹ ਬੰਦੇ। ਰੋਤ–ਰੋਂਦੇ (ਦੁਖੀ ਹੁੰਦੇ) ਹਨ। ਕਰ ਜੋਰਿ–ਹੱਥ ਜੋੜ ਕੇ। ਹਰਿ–ਹੇ ਹਰੀ!। ਕੰਠਿ ਪਰੋਤ–ਗਲੇ ਵਿਚ ਪਰੋ ਲਵਾਂ। ੨। ੫। ੧੩।

ਕੇਦਾਰਾ ਮਹਲਾ ਪ ॥ ਸੰਤਹ ਧੂਰਿ ਲੇ ਮੁਖਿ ਮਲੀ ॥ ਗੁਣਾ ਅਚੁਤ ਸਦਾ ਪੂਰਨ, ਨਹ ਦੋਖ ਬਿਆਪਹਿ ਕਲੀ ॥ਰਹਾਉ॥(ਹੇ ਭਾਈ! ਜਿਸ ਮਨੁੱਖ ਨੇ) ਸੰਤਾਂ ਦੀ ਚਰਨ ਧੂੜ ਲੈ ਕੇ ਅਪਣੇ ਮੂੰਹ ਤੇ ਮਲ ਲਈ ਹੈ। (ਉਹ) ਅਬਿਨਾਸੀ ਪ੍ਰਭੂ ਦੇ ਗੁਣ ਹਿਰਦੇ ਵਿਚ ਧਾਰਨ ਕਰਨ ਦੇ ਕਾਰਨ ਸਦਾ ਪੂਰਨ ਹੈ ਅਤੇ (ਉਸ ਨੂੰ) ਕਲਜੁਗ ਦੇ ਵਿਕਾਰ ਨਹੀਂ ਲਗਦੇ। ਰਹਾਉ।

ਅੰਗ ੧੧੨੨ = ਗੁਰ ਬਚਨਿ ਕਾਰਜ ਸਰਬ ਪੂਰਨ, ਈਤ ਊਤ ਨ ਹਲੀ ॥ ਪ੍ਰਭ ਏਕ ਅਨਿਕ ਸਰਬਤ ਪੂਰਨ, ਬਿਖੈ ਅਗਨਿ ਨ ਜਲੀ ॥੧॥ ਗਹਿ ਭੁਜਾ ਲੀਨੋ ਦਾਸੁ ਅਪਨੋ, ਜੋਤਿ ਜੋਤੀ ਰਲੀ ॥ ਪ੍ਰਭ ਚਰਨ ਸਰਨ ਅਨਾਥੁ ਆਇਓ, ਨਾਨਕ ਹਰਿ ਸੰਗਿ ਚਲੀ ॥੨॥੬॥੧੪॥ (ਹੇ ਭਾਈ! ਜਿਸ ਮਨੁੱਖ ਨੇ ਸੰਤਾਂ ਦੀ ਚਰਨ ਧੂੜ ਅਪਣੇ ਮੱਥੇ ਤੇ ਲਾਈ ਹੈ) ਗੁਰੂ ਦੇ ਬਚਨਾਂ ਕਰਕੇ (ਉਸ ਦੇ) ਸਾਰੇ ਕੰਮ ਪੂਰਨ ਹੋ ਜਾਂਦੇ ਹਨ, (ਉਸ ਦਾ ਮਨ) ਇਧਰ ਉਧਰ ਨਹੀਂ ਹਿਲਦਾ (ਡੋਲਦਾ ਨਹੀਂ। ਅਤੇ ਉਹ ਜਾਣ ਲੈਂਦਾ ਹੈ ਕਿ) ਇਕੋ ਪ੍ਰਭੂ ਅਨੇਕ ਰੂਪ ਹੋ ਕੇ ਸਾਰੇ ਜੀਵਾਂ ਵਿਚ ਪੂਰਨ ਹੋ ਰਿਹਾ ਹੈ, (ਉਹ) ਵਿਸ਼ਿਆਂ ਦੀ ਅੱਗ ਵਿਚ ਸੜਦਾ ਨਹੀਂ। ੧। (ਪ੍ਰਭੂ ਨੇ) ਅਪਣੇ ਦਾਸ ਨੂੰ ਬਾਂਹ ਤੋਂ ਫੜ ਕੇ (ਅਪਣੇ ਗਲ ਨਾਲ) ਲਗਾ ਲਿਆ ਹੈ ਅਤੇ (ਉਸ ਸੇਵਕ ਦੀ) ਆਤਮ ਜੋਤ ਪ੍ਰਮਾਤਮਾ ਦੀ ਜੋਤ ਵਿਚ ਰਲ ਗਈ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜਾ) ਅਨਾਥ ਸੇਵਕ ਪ੍ਰਭੂ ਦੇ ਚਰਨਾਂ ਦੀ ਸ਼ਰਨ ਵਿਚ ਆਇਆ ਹੈ, (ਉਸ ਦੀ ਪ੍ਰੀਤ ਜੀਵਨ ਦੇ ਅੰਤ ਤਕ) ਹਰੀ ਨਾਲ ਚਲਦੀ ਹੈ; (ਉਸ ਦੀ ਬਿਰਤੀ) ਪ੍ਰਭੂ ਨਾਲ ਅਭੇਦ ਹੋ ਚੱਲਦੀ ਹੈ। ੨। ੬। ੧੪।

ਪਦਾਰਥ = ਸੰਤਹ–ਸੰਤਾਂ ਦੀ। ਧੂਰਿ–ਚਰਨ ਧੂੜ। ਲੇ–ਲੈ ਕੇ। ਮੁਖਿ–ਮੂੰਹ (ਮੱਥੇ) ਉਤੇ। ਮਲੀ–ਮਲ ਲਈ ਹੈ। ਗੁਣਾ–ਗੁਣ। ਅਚੁਤ–ਨਾਸ਼ ਰਹਿਤ ਪ੍ਰਭੂ। ਸਦਾ ਪੂਰਨ–(ਉਹ ਮਨੁੱਖ) ਸਦਾ ਪੂਰਨ ਹੈ। ਦੋਖ ਕਲੀ–ਕਲਜੁਗ ਦੇ ਵਿਕਾਰ। ਨਹ ਬਿਆਪਹਿ–ਨਹੀਂ ਲਗਦੇ। ਰਹਾਉ। ਗੁਰ ਬਚਨਿ–ਗੁਰੂ ਦੇ ਬਚਨਾਂ ਕਰਕੇ। ਸਰਬ–ਸਾਰੇ। ਈਤ ਊਤ–ਇਧਰ ਉਧਰ। ਨ ਹਲੀ–ਹਿਲਦਾ (ਡੋਲਦਾ) ਨਹੀਂ। ਅਨਿਕ

–ਅਨੇਕ ਰੂਪ ਹੋ ਕੇ। ਸਰਬਤ ਪੂਰਨ–ਸਾਰੇ ਜੀਵਾਂ ਵਿਚ (ਜਾਂ ਸਭ ਜਗ੍ਹਾ) ਵਿਆਪਕ ਹੋ ਰਿਹਾ ਹੈ। ਬਿਖੈ ਅਗਨਿ–ਵਿਸ਼ਿਆਂ ਦੀ ਅੱਗ ।ਨ ਜਲੀ–ਸੜਦਾ ਨਹੀਂ। ੧। ਗਹਿ–ਫੜ ਕੇ। ਭੁਜਾ–ਬਾਂਹ। ਜੋਤਿ–ਆਤਮ ਜੋਤ। ਜੋਤੀ–ਪ੍ਰਮਾਤਮਾ ਦੀ ਜੋਤ ਵਿਚ। ਰਲੀ–ਰਲ ਗਈ ਹੈ। ਚਰਨ ਸਰਨ–ਚਰਨਾਂ ਦੀ ਸ਼ਰਨ ਵਿਚ। ਅਨਾਥੁ–ਯਤੀਮ। ਸੰਗਿ ਚਲੀ–ਨਾਲ ਚਲਦੀ ਹੈ। ੨। ੬। ੧੪।

ਕੇਦਾਰਾ ਮਹਲਾ ੫ ॥ ਹਰਿ ਕੇ ਨਾਮ ਕੀ ਮਨ ਰੁਚੈ ॥ ਕੋਟਿ ਸਾਂਤਿ ਅਨੰਦ ਪੂਰਨ, ਜਲਤ ਛਾਤੀ ਬੁਝੈ ॥ਰਹਾਉ॥ ਸੰਤ ਮਾਰਗਿ ਚਲਤ ਪ੍ਰਾਨੀ, ਪਤਿਤ ਉਧਰੈ ਮੁਚੈ ॥ ਰੇਨੁ ਜਨ ਕੀ ਲਗੀ ਮਸਤਕਿ, ਅਨਿਕ ਤੀਰਥ ਸੁਚੈ ॥੧॥ ਚਰਨ ਕਮਲ ਧਿਆਨ ਭੀਤਰਿ, ਘਟ ਘਟਹਿ ਸੁਆਮੀ ਸੁਝੈ ॥ ਸਰਨਿ ਦੇਵ ਅਪਾਰ ਨਾਨਕ, ਬਹੁਰਿ ਜਮੁ ਨਹੀ ਲੁਝੈ ॥੨॥੭॥੧੫॥ (ਹੇ ਭਾਈ! ਜਿਸ ਮਨੁੱਖ ਦੇ) ਮਨ ਵਿਚ ਹਰੀ ਦੇ ਨਾਮ ਸਿਮਰਨ ਦੀ ਰੁਚੀ (ਲਗਨ ਲੱਗੀ ਹੋਈ) ਹੈ। (ਉਸ ਦੇ ਮਨ ਨੂੰ) ਕ੍ਰੋੜਾਂ ਗੁਣਾਂ ਸ਼ਾਂਤੀ ਤੇ ਪੂਰਨ ਅਨੰਦ ਪ੍ਰਾਪਤ ਹੋ ਜਾਂਦਾ ਹੈ ਅਤੇ (ਉਸ ਦੀ) ਛਾਤੀ ਵਿਚ (ਤ੍ਰਿਸ਼ਨਾ ਤੇ ਵਿਸ਼ੇ ਵਿਕਾਰਾਂ ਦੀ) ਬਲ ਰਹੀ ਅੱਗ (ਸ਼ਾਂਤ ਹੋ) ਜਾਂਦੀ ਹੈ। ਰਹਾਉ। (ਹੇ ਭਾਈ!) ਸੰਤਾਂ ਦੇ ਦੱਸੇ ਮਾਰਗ ਉਤੇ ਚਲਦੇ ਬਹੁਤ ਪਾਪੀ ਪ੍ਰਾਣੀ ਸੰਸਾਰ ਸਮੁੰਦਰ ਤੋਂ ਤਰ ਜਾਂਦੇ ਹਨ। (ਜਿਨ੍ਹਾਂ ਮਨੁੱਖਾਂ ਦੇ) ਮੱਥੇ ਉਤੇ ਸੰਤ ਜਨਾਂ ਦੀ ਚਰਨ ਧੂੜ ਲੱਗੀ ਹੈ, (ਉਨ੍ਹਾਂ ਨੂੰ) ਅਨੇਕਾਂ ਤੀਰਥਾਂ ਦੇ ਇਸ਼ਨਾਨ ਦੀ ਸੁੱਚਮਤਾ ਪ੍ਰਾਪਤ ਹੋ ਜਾਂਦੀ ਹੈ; (ਉਹ) ਅਨੇਕਾਂ ਤੀਰਥਾਂ ਨੂੰ ਪਵਿਤ੍ਰ ਕਰ ਦੇਂਦੇ ਹਨ। ੧। (ਹੇ ਭਾਈ! ਜਿਨ੍ਹਾਂ ਮਨੁੱਖ ਦੇ) ਮਨ ਅੰਦਰ ਪ੍ਰਭੂ ਦੇ ਚਰਨ ਕਮਲਾਂ ਦਾ ਧਿਆਨ ਜੁੜਿਆ ਰਹਿੰਦਾ ਹੈ, (ਉਨ੍ਹਾਂ ਨੂੰ) ਹਰੇਕ ਜੀਵ ਦੇ ਸਰੀਰ ਵਿਚ ਮਾਲਕ ਪ੍ਰਭੂ ਵਸਦਾ ਦਿਸ ਪੈਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ) ਬੇਅੰਤ ਪ੍ਰਭੂ ਦੀ ਸ਼ਰਨ ਵਿਚ ਆ ਜਾਂਦੇ ਹਨ, (ਉਨ੍ਹਾਂ ਨਾਲ) ਜਮਦੂਤ ਮੁੜ ਝਗੜਦਾ ਨਹੀਂ। ੨। ੭। ੧੫।

ਪਦਾਰਥ = ਮਨ–ਮਨ ਵਿਚ। ਰੁਚੈ–ਰੁਚੀ (ਲਗਨ)। ਕੋਟਿ–ਕ੍ਰੋੜਾਂ ਹੀ। ਜਲਤ–ਜਲ ਰਹੀ। ਬੁਝੈ–ਬੁਝ ਜਾਂਦੀ ਹੈ। ਰਹਾਉ। ਸੰਤ ਮਾਰਗਿ –ਸੰਤਾਂ ਦੇ ਦੱਸੇ ਰਸਤੇ ਉਤੇ। ਚਲਤ–ਜੋ ਚਲਦਾ ਹੈ। ਪਤਿਤ ਪ੍ਰਾਨੀ–ਪਾਪੀ ਮਨੁੱਖ। ਉਧਰੈ–ਤਰ ਜਾਂਦੇ ਹਨ। ਮੁਚੈ–ਬਹੁਤ। ਰੇਨੁ–ਚਰਨ ਧੂੜ। ਜਨ ਕੀ–ਸੰਤ ਜਨਾਂ ਦੀ। ਮਸਤਕਿ–ਮੱਥੇ ਉਤੇ। ਸੁਚੈ–ਸੁੱਚਮਤਾ। ੧। ਭੀਤਰਿ–ਮਨ ਦੇ ਅੰਦਰ। ਘਟ ਘਟਹਿ–ਹਰੇਕ ਜੀਵ ਦੇ ਸਰੀਰ ਵਿਚ। ਸੁਆਮੀ–ਮਾਲਕ ਪ੍ਰਭੂ। ਸੁਝੈ–ਦਿਸ ਪੈਂਦਾ ਹੈ। ਸਰਨਿ–ਸ਼ਰਨ ਵਿਚ। ਦੇਵ ਅਪਾਰ–ਬੇਅੰਤ ਪ੍ਰਭੂ। ਬਹੁਰਿ–ਮੁੜ ਕੇ। ਜਮੁ–ਜਮ ਦੂਤ। ਨਹੀ ਲੁਝੈ–ਝਗੜਾ ਨਹੀਂ ਕਰਦਾ (ਦੁੱਖ ਨਹੀਂ ਦੇਂਦਾ)। ੨। ੭। ੧੫।

ਕੇਦਾਰਾ ਛੰਤ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥ ਮਿਲੁ ਮੇਰੇ ਪ੍ਰੀਤਮ ਪਿਆਰਿਆ ॥ਰਹਾਉ॥ ਪੂਰਿ ਰਹਿਆ ਸਰਬਤ੍ਰ ਮੈ, ਸੋ ਪੁਰਖੁ ਬਿਧਾਤਾ ॥ ਮਾਰਗੁ ਪ੍ਰਭ ਕਾ ਹਰਿ ਕੀਆ, ਸੰਤਨ ਸੰਗਿ ਜਾਤਾ ॥ ਸੰਤਨ ਸੰਗਿ ਜਾਤਾ ਪੁਰਖੁ ਬਿਧਾਤਾ, ਘਟਿ ਘਟਿ ਨਦਰਿ ਨਿਹਾਲਿਆ ॥ ਜੋ ਸਰਨੀ ਆਵੈ ਸਰਬ ਸੁਖ ਪਾਵੈ, ਤਿਲੁ ਨਹੀ ਭੰਨੈ ਘਾਲਿਆ ॥ ਹਰਿ ਗੁਣ ਨਿਧਿ ਗਾਏ ਸਹਜ ਸੁਭਾਏ, ਪ੍ਰੇਮ ਮਹਾ ਰਸ ਮਾਤਾ ॥ ਨਾਨਕ ਦਾਸ ਤੇਰੀ ਸਰਣਾਈ, ਤੂ ਪੂਰਨ ਪੁਰਖ ਬਿਧਾਤਾ ॥੧॥ ਪ੍ਰਮਾਤਮਾ ਇਕ ਹੈ, ਜੋ ਸਤਿਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ। ਹੇ ਮੇਰੇ ਪਿਆਰੇ ਪ੍ਰੀਤਮ! ਮੈਨੂੰ ਆ ਮਿਲ। ਰਹਾਉ। ਉਹ ਸਿਰਜਨਹਾਰ ਪੁਰਖ ਸਾਰੇ ਜੀਵਾਂ ਵਿਚ ਵਿਆਪਕ ਹੋ ਰਿਹਾ ਹੈ। (ਹੇ ਭਾਈ!) ਪ੍ਰਭੂ ਦੇ ਮਿਲਣ ਦਾ ਰਸਤਾ ਪ੍ਰਭੂ ਨੇ ਆਪ ਹੀ ਪੈਦਾ ਕੀਤਾ ਹੈ, (ਪਰ ਇਹ ਰਸਤਾ) ਸੰਤਾਂ ਦੀ ਸੰਗਤ ਰਾਹੀਂ ਜਾਣਿਆ ਜਾਂਦਾ ਹੈ। ਸਿਰਜਨਹਾਰ ਪੁਰਖ ਸੰਤਾਂ ਦੀ ਸੰਗਤ ਰਾਹੀਂ ਜਾਣਿਆ ਜਾਂਦਾ ਹੈ ਅਤੇ (ਸੰਤਾਂ ਦੀ ਸੰਗਤ ਵਿਚ ਰਹਿ ਕੇ) ਹਰੇਕ ਜੀਵ ਦੇ ਹਿਰਦੇ ਵਿਚ ਆਤਮਕ ਨਜਰ ਨਾਲ ਪ੍ਰਭੂ ਨੂੰ ਦੇਖਿਆ ਜਾ ਸਕਦਾ ਹੈ। ਜੋ ਮਨੁੱਖ ਪ੍ਰਭੂ ਦੀ ਸ਼ਰਨ ਵਿਚ ਆਉਂਦਾ ਹੈ, (ਉਹ ਲੋਕ ਪ੍ਰਲੋਕ ਦੇ) ਸਾਰੇ ਸੁਖ ਪਾ ਲੈਂਦਾ ਹੈ, (ਪ੍ਰਭੂ ਕਿਸੇ ਮਨੁੱਖ ਦੀ) ਕੀਤੀ ਮਿਹਨਤ ਤਿਲ ਭਰ ਵੀ ਭੰਨਦਾ (ਬਿਅਰਥ ਨਹੀਂ ਜਾਣ ਦੇਂਦਾ। ਜੋ ਮਨੁੱਖ) ਸਹਿਜ ਸੁਭਾਵਕ ਹੀ ਗੁਣਾਂ ਦੇ ਖਜਾਨੇ ਹਰੀ ਦੇ ਗੁਣ ਗਾਉਂਦਾ ਹੈ, ਉਹ ਪ੍ਰਭੂ ਦੇ ਪ੍ਰੇਮ ਦੇ ਮਹਾਂ ਰਸ ਵਿਚ ਮਸਤ ਹੋ ਜਾਂਦਾ ਹੈ। (ਹੇ ਪ੍ਰਭੂ! ਤੇਰਾ) ਦਾਸ ਨਾਨਕ ਤੇਰੀ ਸ਼ਰਣ ਵਿਚ ਆਇਆ ਹੈ, ਤੂੰ ਸਰਬ ਵਿਆਪਕ ਸਿਰਜਨਹਾਰ ਪੁਰਖ ਹੈਂ। ੧।

ਪਦਾਰਥ = ਪ੍ਰੀਤਮ ਪਿਆਰਿਆ–ਹੇ ਪਿਆਰੇ ਪ੍ਰੀਤਮ!। ਰਹਾਉ। ਪੂਰਿ ਰਹਿਆ–ਵਿਆਪਕ ਹੋ ਰਿਹਾ ਹੈ। ਸਰਬਤ੍ਰ ਮੈ–ਸਾਰੇ ਜੀਵਾਂ ਵਿਚ; ਸਭ ਜਗ੍ਹਾ ਵਿਚ। ਸੋ ਪੁਰਖੁ–ਉਹ ਸਰਬ ਵਿਆਪਕ ਪ੍ਰਭੂ। ਬਿਧਾਤਾ–ਸਿਰਜਨਹਾਰ ਪ੍ਰਭੂ; ਕਰਮਾਂ ਅਨੁਸਾਰ ਫਲ ਦੇਣ ਵਾਲਾ। ਮਾਰਗੁ–ਰਸਤਾ। ਕੀਆ–ਪੈਦਾ ਕੀਤਾ ਹੈ। ਸੰਤਨ ਸੰਗਿ–ਸੰਤਾਂ ਦੀ ਸੰਗਤ ਰਾਹੀਂ। ਜਾਤਾ–ਜਾਣਿਆ ਜਾਂਦਾ ਹੈ। ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਵਿਚ। ਨਦਰਿ–ਨਜਰ ਨਾਲ। ਨਿਹਾਲਿਆ–ਦੇਖਿਆ ਜਾ ਸਕਦਾ ਹੈ। ਸਰਨੀ –ਸ਼ਰਨ ਵਿਚ। ਸਰਬ ਸੁਖ–ਸਾਰੇ ਸੁਖ।

ਤਿਲੁ-ਤਿਲ ਮਾਤ੍ਰ ਵੀ। ਨਹੀ ਭੰਨੈ-ਤੋੜਦਾ ਨਹੀਂ (ਬਿਅਰਥ ਨਹੀਂ ਜਾਣ ਦੇਂਦਾ)। ਘਾਲਿਆ-ਕੀਤੀ ਮਿਹਨਤ। ਗੁਣ ਨਿਧਿ-ਗੁਣਾਂ ਦਾ ਖਜਾਨਾ। ਗਾਏ-ਗਾਉਂਦਾ ਹੈ। ਸਹਜਿ ਸੁਭਾਏ-ਸਹਿਜ ਸੁਭਾਵਕ ਹੀ। ਮਾਤਾ-ਮਸਤ ਹੋ ਜਾਂਦਾ ਹੈ। ੧।

ਹਰਿ ਪ੍ਰੇਮ ਭਗਤਿ ਜਨ ਬੇਧਿਆ, ਸੇ ਆਨ ਕਤ ਜਾਹੀ ॥ ਮੀਨੁ ਬਿਛੋਹਾ ਨ ਸਹੈ, ਜਲ ਬਿਨੁ ਮਰ ਪਾਹੀ ॥ ਹਰਿ ਬਿਨੁ ਕਿਉ ਰਹੀਐ ਦੂਖ ਕਿਨਿ ਸਹੀਐ, ਚਾਤ੍ਰਿਕ ਬੂੰਦ ਪਿਆਸਿਆ ॥ ਕਬ ਰੈਨਿ ਬਿਹਾਵੈ ਚਕਵੀ ਸੁਖੁ ਪਾਵੈ, ਸੂਰਜ ਕਿਰਣਿ ਪਰਗਾਸਿਆ ॥ ਹਰਿ ਦਰਸਿ ਮਨੁ ਲਾਗਾ ਦਿਨਸੁ ਸਭਾਗਾ, ਅਨਦਿਨੁ ਹਰਿ ਗੁਣ ਗਾਹੀ ॥ ਨਾਨਕ ਦਾਸੁ ਕਹੈ ਬੇਨੰਤੀ, ਕਤ ਹਰਿ ਬਿਨੁ ਪ੍ਰਾਣ ਟਿਕਾਹੀ ॥੨॥ (ਹੇ ਭਾਈ!) ਜਿਨ੍ਹਾਂ ਪੁਰਖਾਂ ਦਾ ਮਨ ਹਰੀ ਦੀ ਪ੍ਰੇਮਾ ਭਗਤੀ ਵਿਚ ਪ੍ਰੋਇਆ ਹੋਇਆ ਹੈ, ਉਹ (ਹਰੀ ਨੂੰ ਛਡ ਕੇ) ਹੋਰ ਕਿਥੇ ਜਾਂਦੇ ਹਨ? (ਜਿਵੇਂ) ਮੱਛੀ ਪਾਣੀ ਦਾ ਵਿਛੋੜਾ ਨਹੀਂ ਸਹਿ ਸਕਦੀ, ਪਾਣੀ ਬਿਨਾ ਉਹ ਮਰ ਪੈਂਦੀ ਹੈ। (ਇਸੇ ਤਰ੍ਹਾਂ) ਹਰੀ ਤੋਂ ਬਿਨਾ ਕਿਵੇਂ ਰਿਹਾ ਜਾ ਸਕਦਾ ਹੈ ਤੇ ਵਿਛੋੜੇ ਦਾ ਦੁਖ ਕਿਸ ਨੇ ਸਹਾਰਿਆ ਹੈ? (ਕਿਸੇ ਪਾਸੋਂ ਨਹੀਂ ਸਹਾਰ ਹੁੰਦਾ), ਜਿਵੇਂ ਸ੍ਵਾਂਤੀ ਬੂੰਦ ਲਈ ਪਪੀਹਾ ਪਿਆਸਿਆ ਵਿਲਕਦਾ ਰਹਿੰਦਾ ਹੈ। ਕਦੋਂ ਰਾਤ ਬਿਤੀਤ ਹੋਵੇ ਤੇ (ਚਕਵੀ ਉਡੀਕਦੀ ਰਹਿੰਦੀ ਹੈ ਕਿ ਕਦੋਂ) ਸੂਰਜ ਦੀਆਂ ਕਿਰਣਾਂ ਦਾ ਪ੍ਰਕਾਸ਼ ਹੋਵੇ? (ਚਕਵੇ ਨੂੰ ਮਿਲ ਕੇ) ਚਕਵੀ ਨੂੰ ਸੁਖ ਪ੍ਰਾਪਤ ਹੋਵੇ। (ਇਸੇ ਤਰ੍ਹਾਂ ਜਿਨ੍ਹਾਂ ਗੁਰਮੁਖਾਂ ਦਾ) ਮਨ ਹਰੀ ਦੇ ਦਰਸ਼ਨ ਵਿਚ ਲੱਗਦਾ ਹੈ, (ਉਨ੍ਹਾਂ ਵਾਸਤੇ ਉਹ) ਦਿਨ ਭਾਗਾਂ ਵਾਲਾ ਹੁੰਦਾ ਹੈ, (ਉਹ) ਹਰ ਰੋਜ ਹਰੀ ਦੇ ਗੁਣ ਗਾਉਂਦੇ ਹਨ। ਦਾਸ ਨਾਨਕ ਬੇਨਤੀ ਪੂਰਬਕ ਆਖਦੇ ਹਨ ਕਿ ਹਰੀ ਤੋਂ ਬਿਨਾ ਪ੍ਰਾਣ ਕਿਵੇਂ ਟਿਕ ਸਕਦੇ ਹਨ (ਨਹੀਂ ਟਿਕ ਸਕਦੇ)। ੨।

ਪਦਾਰਥ = ਪ੍ਰੇਮ ਭਗਤਿ-ਪ੍ਰੇਮਾ ਭਗਤੀ ਵਿਚ। ਜਨ-ਪੁਰਖਾਂ ਦਾ। ਸੇ-ਉਹ (ਪੁਰਖ)। ਆਨ ਕਤ-ਹੋਰ ਕਿੱਥੇ। ਜਾਹੀ-ਜਾਂਦੇ ਹਨ। ਮੀਨ-ਮੱਛੀ। ਬਿਛੋਹਾ-ਵਿਛੋੜਾ। ਨ ਸਹੈ-ਨਹੀਂ ਸਹਿ ਸਕਦੀ। ਮਰ ਪਾਹੀ-ਮਰ ਪੈਂਦੀ ਹੈ। ਕਿਨਿ ਸਹੀਐ-ਕਿਸ ਨੇ ਸਹਾਰਿਆ ਹੈ? ਚਾਤ੍ਰਿਕ-ਪਪੀਹਾ। ਬੂੰਦ-ਸ੍ਵਾਂਤੀ ਬੂੰਦ। ਕਬ-ਕਦੋਂ। ਰੈਨਿ ਬਿਹਾਵੈ-ਰਾਤ ਬਿਤੀਤ ਹੋਵੇ। ਪਰਗਾਸਿਆ-ਚਾਨਣ ਹੋਵੇ। ਦਰਸਿ ਲਾਗਾ-ਦਰਸ਼ਨ ਵਿਚ ਲਗਾ ਹੈ। ਸਭਾਗਾ-ਭਾਗਾਂ ਵਾਲਾ। ਗਾਹੀ-ਗਾਉਂਦੇ ਹਨ। ਕਤ ਟਿਕਾਹੀ-ਕਿਵੇਂ ਟਿਕ ਸਕਦੇ ਹਨ?। ੨।

ਸਾਸ ਬਿਨਾ ਜਿਉ ਦੇਹੁਰੀ, ਕਤ ਸੋਭਾ ਪਾਵੈ ॥ ਦਰਸ ਬਿਹੂਨਾ ਸਾਧ ਜਨੁ ,ਖਿਨੁ ਟਿਕਣੁ ਨ ਆਵੈ ॥ ਹਰਿ ਬਿਨੁ ਜੋ ਰਹਣਾ ਨਰਕੁ ਸੋ ਸਹਣਾ, ਚਰਨ ਕਮਲ ਮਨੁ ਬੇਧਿਆ ॥ ਹਰਿ ਰਸਿਕ ਬੈਰਾਗੀ ਨਾਮਿ ਲਿਵ ਲਾਗੀ, ਕਤਹੁ ਨ ਜਾਇ ਨਿਖੇਧਿਆ ॥ ਹਰਿ ਸਿਉ ਜਾਇ ਮਿਲਣਾ ਸਾਧ ਸੰਗਿ ਰਹਣਾ, ਸੋ ਸੁਖੁ ਅੰਕਿ ਨ ਮਾਵੈ ॥ ਹੋਹੁ ਕ੍ਰਿਪਾਲ ਨਾਨਕ ਕੇ ਸੁਆਮੀ, ਹਰਿ ਚਰਨਹ ਸੰਗਿ ਸਮਾਵੈ ॥੩॥ (ਹੇ ਭਾਈ!) ਜਿਵੇਂ ਸੁਆਸਾਂ ਤੋਂ ਬਿਨਾ ਮਨੁੱਖ ਦੀ ਦੇਹ ਕਿਵੇਂ ਸੋਭਾ ਪਾ ਸਕਦੀ ਹੈ? (ਨਹੀਂ ਪਾ ਸਕਦੀ, ਮੁਰਦਾ ਹੋ ਜਾਂਦੀ ਹੈ। ਤਿਵੇਂ ਪ੍ਰਭੂ ਦੇ) ਦਰਸ਼ਨਾਂ ਤੋਂ ਬਿਨਾ ਸਾਧੂ ਜਨ ਨੂੰ ਇਕ ਖਿਨ ਲਈ ਵੀ ਟਿਕਾਉ ਨਹੀਂ ਆਉਂਦਾ। ਹਰੀ ਤੋਂ ਬਿਨਾ ਜੋ ਰਹਿਣਾ ਹੈ, (ਵਿਛੋੜੇ ਦਾ) ਉਹ ਦੁੱਖ ਨਰਕ ਸਹਿਣ ਦੇ ਬਰਾਬਰ ਹੈ, (ਕਿਉਂਕਿ ਉਸ ਸਾਧੂ ਦਾ ਮਨ) ਪ੍ਰਭੂ ਦੇ ਚਰਨ ਕਮਲਾਂ ਨਾਲ ਪ੍ਰੋਇਆ ਹੁੰਦਾ ਹੈ। (ਜਿਹੜਾ ਮਨੁੱਖ ਪ੍ਰਭੂ ਦੇ) ਪਿਆਰ ਵਾਲਾ ਤੇ ਬੈਰਾਗਵਾਨ ਹੈ, (ਉਸ ਦੀ) ਲਿਵ ਪ੍ਰਭੂ ਦੇ ਨਾਮ ਵਿਚ ਲੱਗੀ ਰਹਿੰਦੀ ਹੈ, (ਉਸ ਦਾ ਧਿਆਨ) ਕਿਸੇ ਤਰ੍ਹਾਂ ਵੀ ਹਟਾਇਆ ਨਹੀਂ ਜਾ ਸਕਦਾ। ਸਾਧ ਸੰਗਤ ਵਿਚ ਜੋ ਰਹਣਾ ਹੁੰਦਾ ਹੈ, (ਸਾਧ ਸੰਗਤ ਦੀ ਬਰਕਤ ਨਾਲ) ਹਰੀ ਨਾਲ ਜਾ ਕੇ ਮਿਲਾਪ ਹੋ ਜਾਂਦਾ ਹੈ, (ਹਰੀ ਨਾਲ ਮਿਲਾਪ ਦਾ) ਸੁਖ ਹਿਰਦੇ ਵਿਚ ਸਮਾਉਂਦਾ ਨਹੀਂ (ਮਨ ਖੁਸ਼ ਹੋ ਜਾਂਦਾ ਹੈ)। ਹੇ ਨਾਨਕ ਦੇ ਮਾਲਕ! (ਜਿਸ ਮਨੁੱਖ ਉਤੇ ਆਪ ਜੀ) ਕ੍ਰਿਪਾਲੂ ਹੁੰਦੇ ਹੋ, (ਉਹ) ਹਰੀ ਦੇ ਚਰਨਾਂ ਨਾਲ ਲੀਨ ਰਹਿੰਦਾ ਹੈ। ੩।

ਪਦਾਰਥ = ਸਾਸ-ਸਾਹ। ਦੇਹੁਰੀ-ਸਰੀਰ। ਕਤ ਪਾਵੈ-ਕਿਵੇਂ ਪਾ ਸਕਦਾ ਹੈ। ਦਰਸ ਬਿਹੂਨਾ-ਪ੍ਰਭੂ ਦੇ ਦਰਸ਼ਨ ਤੋਂ ਬਿਨਾ। ਖਿਨੁ-ਇਕ ਖਿਨ ਲਈ ਵੀ। ਟਿਕਣੁ-ਟਿਕਾਉ। ਸੋ ਸਹਣਾ-ਉਹ ਸਹਾਰਨ ਦੇ ਬਰਾਬਰ ਹੈ। ਬੇਧਿਆ-ਪ੍ਰੋਇਆ ਹੁੰਦਾ ਹੈ। ਰਸਿਕ-ਰਸੀਆ; ਪ੍ਰੇਮ ਵਾਲਾ। ਬੈਰਾਗੀ-ਬੈਰਾਗਵਾਨ। ਨਾਮਿ-ਨਾਮ ਵਿਚ। ਕਤਹੁ-ਕਿਸੇ ਤਰ੍ਹਾਂ ਵੀ। ਜਾਇ ਨਿਖੇਧਿਆ-ਹਟਾਇਆ ਨਹੀਂ ਜਾ ਸਕਦਾ। ਹਰਿ ਸਿਉ-ਹਰੀ ਨਾਲ। ਮਿਲਣਾ-ਮਿਲਾਪ। ਸੰਗਿ-ਸੰਗਤ ਵਿਚ। ਅੰਕਿ-ਹਿਰਦੇ ਵਿਚ। ਨ ਮਾਵੈ-ਨਹੀਂ ਸਮਾਉਂਦਾ। ਹੋਹੁ ਕ੍ਰਿਪਾਲ-ਦਇਆਵਾਨ ਹੋਵੋ। ਸੁਆਮੀ-ਹੇ ਮਾਲਕ!। ਚਰਨਹ ਸੰਗਿ-ਚਰਨਾਂ ਨਾਲ। ਸਮਾਵੈ-ਲੀਨ ਰਹਿੰਦਾ ਹੈ। ੩।

ਖੋਜਤ ਖੋਜਤ ਪ੍ਰਭ ਮਿਲੇ, ਹਰਿ ਕਰੁਣਾ ਧਾਰੇ ॥ ਨਿਰਗੁਣੁ ਨੀਚੁ ਅਨਾਥੁ ਮੈ, ਨਹੀ ਦੋਖ ਬੀਚਾਰੇ ॥ ਨਹੀ ਦੋਖ ਬੀਚਾਰੇ ਪੂਰਨ ਸੁਖ ਸਾਰੇ, ਪਾਵਨ ਬਿਰਦੁ ਬਖਾਨਿਆ ॥ (ਹੇ ਭਾਈ!) ਮਨ ਦੀ ਖੋਜ ਕਰਦਿਆਂ ਤੇ ਸਰੀਰ ਦੀ ਖੋਜ ਕਰਦਿਆਂ ਹਰੀ ਪ੍ਰਭੂ ਦਇਆ ਕਰਕੇ

ਆਪ ਹੀ ਮੈਨੂੰ ਆ ਮਿਲੇ ਹਨ। ਮੈਂ ਸ਼ੁੱਭ ਗੁਣਾਂ ਤੋਂ ਹੀਣਾ, ਨੀਚ ਤੇ ਅਨਾਥ ਸੀ, (ਪਰ ਪ੍ਰਭੂ ਨੇ ਮੇਰੇ) ਦੋਸ਼ ਨਹੀਂ ਵਿਚਾਰੇ। (ਹਾਂ ਪ੍ਰਭੂ ਨੇ ਮੇਰੇ) ਦੋਸ਼ ਨਹੀਂ ਵਿਚਾਰੇ, (ਉਸ ਨੇ ਮੈਨੂੰ) ਪੂਰਨ ਤੌਰ ਤੇ ਸਾਰੇ ਸੁਖ ਬਖਸ਼ ਦਿਤੇ ਹਨ, (ਇਸੇ ਕਰਕੇ) ਆਖਿਆ ਜਾਂਦਾ ਹੈ ਕਿ (ਪ੍ਰਭੂ ਦਾ) ਸੁਭਾਉ ਪਾਪੀ ਜੀਵਾਂ ਨੂੰ ਪਵਿਤ੍ਰ ਕਰਨ ਵਾਲਾ ਹੈ।

ਅੰਗ ੧੧੨੩ = ਭਗਤਿ ਵਛਲੁ ਸੁਨਿ ਅੰਚਲੋ ਗਹਿਆ, ਘਟਿ ਘਟਿ ਪੂਰ ਸਮਾਨਿਆ ॥ ਸੁਖ ਸਾਗਰੁ ਪਾਇਆ ਸਹਜ ਸੁਭਾਇਆ, ਜਨਮ ਮਰਨ ਦੁਖ ਹਾਰੇ ॥ ਕਰੁ ਗਹਿ ਲੀਨੇ ਨਾਨਕ ਦਾਸ ਅਪਨੇ, ਰਾਮ ਨਾਮ ਉਰਿ ਹਾਰੇ ॥੪॥੧॥ ਭਗਤੀ ਨੂੰ ਪਿਆਰ ਕਰਨ ਵਾਲਾ ਸੁਣ ਕੇ ਮੈਂ (ਪ੍ਰਭੂ ਦਾ) ਪੱਲਾ ਫੜ ਲਿਆ, (ਮੈਨੂੰ ਇਹ ਗਿਆਨ ਹੋ ਗਿਆ ਹੈ ਕਿ ਉਹ) ਹਰੇਕ ਜੀਵ ਦੇ ਸਰੀਰ ਵਿਚ ਪੂਰਨ ਤੌਰ ਤੇ ਸਮਾਇਆ ਹੋਇਆ ਹੈ। ਮੈਂ ਸਹਿਜ ਸੁਭਾਵਕ ਹੀ ਸੁੱਖਾਂ ਦਾ ਸਮੁੰਦਰ ਪ੍ਰਭੂ ਪਾ ਲਿਆ ਹੈ, (ਜਿਸ ਕਰਕੇ ਮੇਰੇ) ਜਨਮ ਮਰਨ ਦੇ ਦੁਖ ਮੁੱਕ ਗਏ ਹਨ। ਨਾਨਕ ਗੁਰੂ ਜੀ ਆਖਦੇ ਹਨ ਪ੍ਰਭੂ ਨੇ ਅਪਣੇ ਦਾਸਾਂ ਦਾ ਹੱਥ ਫੜ ਕੇ (ਉਨ੍ਹਾਂ ਨੂੰ) ਅਪਣੇ ਨਾਲ ਮਿਲਾ ਲਿਆ ਹੈ, (ਜਿਨ੍ਹਾਂ) ਨੇ ਰਾਮ ਦੇ ਨਾਮ ਦਾ ਹਾਰ ਅਪਣੇ ਗਲ ਵਿਚ ਪਾਇਆ ਹੈ। ੪। ੧।

ਪਦਾਰਥ = ਖੋਜਤ ਖੋਜਤ-ਖੋਜਦਿਆਂ ਖੋਜਦਿਆਂ। ਕਰੁਣਾ ਧਾਰੇ-ਦਇਆ ਕਰਕੇ। ਨਿਰਗੁਣੁ-ਗੁਣ ਹੀਣ। ਅਨਾਥੁ-ਯਤੀਮ। ਦੋਖ-ਦੋਸ਼। ਪਾਵਨ-ਪਵਿਤ੍ਰ। ਬਿਰਦੁ-ਨਿਤ ਦਾ ਸੁਭਾਉ। ਬਖਾਨਿਆ-ਆਖਿਆ ਜਾਂਦਾ ਹੈ। ਭਗਤਿ ਵਛਲੁ-ਭਗਤੀ ਨੂੰ ਪਿਆਰ ਕਰਨ ਵਾਲਾ। ਸੁਨਿ-ਸੁਣ ਕੇ। ਅੰਚਲੋ ਗਹਿਆ-ਪੱਲਾ ਫੜ ਲਿਆ। ਘਟਿ ਘਟਿ-ਹਰੇਕ ਜੀਵ ਦੇ ਸਰੀਰ ਵਿਚ। ਪੂਰ-ਪੂਰਨ ਤੌਰ ਤੇ। ਸਮਾਨਿਆ -ਵਿਆਪਕ ਹੈ। ਸੁਖ ਸਾਗਰੋ-ਸੁੱਖਾਂ ਦਾ ਸਮੁੰਦਰ। ਸਹਜ ਸੁਭਾਇਆ-ਸਹਿਜ ਸੁਭਾਵਕ ਹੀ। ਹਾਰੇ-ਮੁੱਕ ਗਏ। ਕਰੁ-ਹੱਥ। ਗਹਿ-ਫੜ ਕੇ। ਰਾਮ-ਸਰਬ ਵਿਆਪਕ ਪ੍ਰਭੂ। ਉਰਿ-ਗਲ ਵਿਚ। ਹਾਰੇ-ਹਾਰ। ੪। ੧।

ਰਾਗੁ ਕੇਦਾਰਾ ਬਾਣੀ ਭਗਤ ਕਬੀਰ ਜੀਉ ਕੀ ੧ੴ ਸਤਿਗੁਰ ਪ੍ਰਸਾਦਿ ॥ ਉਸਤਤਿ ਨਿੰਦਾ ਦੋਊ ਬਿਬਰਜਿਤ, ਤਜਹੁ ਮਾਨੁ ਅਭਿਮਾਨਾ ॥ ਲੋਹਾ ਕੰਚਨੁ ਸਮ ਕਰਿ ਜਾਨਹਿ, ਤੇ ਮੂਰਤਿ ਭਗਵਾਨਾ ॥੧॥ ਤੇਰਾ ਜਨੁ ਏਕੁ ਆਧੁ ਕੋਈ ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ, ਹਰਿ ਪਦੁ ਚੀਨ੍ਹੈ ਸੋਈ ॥੧॥ਰਹਾਉ॥ ਰਜ ਗੁਣ ਤਮ ਗੁਣ ਸਤ ਗੁਣ ਕਹੀਐ, ਏਹ ਤੇਰੀ ਸਭ ਮਾਇਆ ॥ ਚਉਥੇ ਪਦ ਕਉ ਜੋ ਨਰੁ ਚੀਨ੍ਹੈ ,ਤਿਨ੍ ਹੀ ਪਰਮ ਪਦੁ ਪਾਇਆ ॥੨॥ ਤੀਰਥ ਬਰਤ ਨੇਮ ਸੁਚਿ ਸੰਜਮ, ਸਦਾ ਰਹੈ ਨਿਹਕਾਮਾ ॥ ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ, ਚਿਤਵਤ ਆਤਮ ਰਾਮਾ ॥੩॥ ਜਿਹ ਮੰਦਰਿ ਦੀਪਕੁ ਪਰਗਾਸਿਆ, ਅੰਧਕਾਰੁ ਤਹ ਨਾਸਾ ॥ ਨਿਰਭਉ ਪੂਰਿ ਰਹੇ ਭ੍ਰਮੁ ਭਾਗਾ, ਕਹਿ ਕਬੀਰ ਜਨ ਦਾਸਾ ॥੪॥੧॥ (ਹੇ ਭਾਈ! ਅਧਿਆਤਮਕ ਜੀਵਨ ਵਿਚ ਕਿਸੇ ਮਨੁੱਖ ਦੀ) ਉਸਤਤੀ ਕਰਨੀ ਤੇ ਕਿਸੇ ਦੀ ਨਿੰਦਿਆ ਕਰਨੀ ਦੋਵੇਂ ਕੰਮ ਛਡਣ ਯੋਗ ਹਨ; ਅਪਣੀ ਵਡਿਆਈ ਕਰਾਉਣ ਦੀ ਇੱਛਾ ਤੇ ਨਿੰਦਾ ਮਨ੍ਹਾ ਹਨ ਅਤੇ ਅਪਣਾ ਆਦਰ ਕਰਾਉਣ ਦੀ ਇੱਛਾ ਤੇ ਅਪਮਾਨ ਦਾ ਖਿਆਲ ਵੀ ਛਡ ਦਿਓ। (ਜਿਹੜੇ ਮਨੁੱਖ) ਲੋਹਾ ਤੇ ਸੋਨਾ ਬਰਾਬਰ ਜਾਣਦੇ ਹਨ, ਉਹ ਭਗਵਾਨ ਦਾ ਹੀ ਸਰੂਪ ਹਨ। ੧। (ਹੇ ਪ੍ਰਭੂ! ਅਜੇਹੀ ਸਮ ਦ੍ਰਿਸ਼ਟੀ ਵਾਲਾ) ਕੋਈ ਇਕ ਅੱਧਾ (ਵਿਰਲਾ) ਹੀ ਤੇਰਾ ਸੇਵਕ ਹੈ। ਕਾਮ, ਕ੍ਰੋਧ, ਲੋਭ ਤੇ ਮੋਹ ਆਦਿ ਵਿਕਾਰ ਵੀ ਛਡ ਦੇਣ ਯੋਗ ਹਨ, (ਜਿਹੜਾ ਮਨੁੱਖ ਇਨ੍ਹਾਂ ਵਿਕਾਰਾਂ ਨੂੰ ਛਡ ਦਿੰਦਾ ਹੈ) ਉਹ ਆਤਮ ਪਦਵੀ ਨੂੰ ਪਛਾਣਦਾ ਹੈ। ੧। ਰਹਾਉ। (ਹੇ ਪ੍ਰਭੂ! ਜੋ) ਰਜੋ ਗੁਣ, ਤਮੋ ਗੁਣ ਤੇ ਸਤੋ ਗੁਣ ਕਹੇ ਜਾਂਦੇ ਹਨ, ਇਹ ਸਭ ਤੇਰੀ ਮਾਇਆ ਤੋਂ ਹੀ ਪੈਦਾ ਹੋਏ ਹਨ। ਜੋ ਮਨੁੱਖ ਇਨ੍ਹਾਂ ਤਿੰਨਾਂ ਗੁਣਾਂ ਤੋਂ ਉਪਰ ਉਠ ਕੇ) ਚੌਥੇ ਪਦ ਨੂੰ ਪਛਾਣਦਾ ਹੈ, ਉਸ ਨੇ ਪਰਮ ਪਦ ਨੂੰ ਪ੍ਰਾਪਤ ਕਰ ਲਿਆ ਹੈ। ੨। (ਅਨਵੈ। ਜੋ ਮਨੁੱਖ) ਪ੍ਰਭੂ ਨੂੰ ਸਿਮਰਦਾ ਹੈ, (ਉਸ ਦੇ ਮਨ ਵਿਚੋਂ ਪਦਾਰਥਾਂ ਦੀ) ਤ੍ਰਿਸ਼ਨਾ ਅਤੇ ਮਾਇਆ ਦਾ ਭਰਮ ਦੂਰ ਹੋ ਗਿਆ ਹੈ। ਅਤੇ (ਉਹ) ਤੀਰਥ ਇਸ਼ਨਾਨ, ਵਰਤ, ਸੁੱਚਮਤਾ ਅਤੇ ਸੰਜਮ ਆਦਿ ਨੇਮ ਕਰਦਾ ਹੋਇਆ ਵੀ (ਇਨ੍ਹਾਂ ਦੇ ਫਲ ਦੀ ਇੱਛਾ ਤੋਂ) ਸਦਾ ਨਿਰਇੱਛਤ ਰਹਿੰਦਾ ਹੈ। ੩। ਦਾਸ ਕਬੀਰ ਜੀ ਆਖਦਾ ਹੈ (ਕਿ ਹੇ ਭਾਈ! ਜਿਸ) ਮਕਾਨ ਵਿਚ ਦੀਵਾ ਜਗ ਪਿਆ ਹੈ, ਉਥੋਂ ਹਨ੍ਹੇਰਾ ਨੱਸ ਜਾਂਦਾ ਹੈ। (ਇਸੇ ਤਰ੍ਹਾਂ) ਜਿਸ ਪੁਰਖ ਦੇ ਅੰਦਰ ਨਿਰਭਉ ਪ੍ਰਭੂ ਦੀ ਜੋਤ ਪਸਰ ਜਾਵੇ ,(ਉਸ ਦੇ ਮਨ ਵਿਚੋਂ) ਭਰਮ ਨੱਸ ਜਾਂਦਾ ਹੈ (ਸ਼ਬਦਾਰਥ)। ੪। ੧।

ਪਦਾਰਥ = ਉਸਤਤਿ-ਵਡਿਆਈ। ਦੋਊ-ਦੋਵੇਂ। ਬਿਬਰਜਿਤ-ਛਡ ਦੇਣ ਯੋਗ; ਮਨ੍ਹਾ ਹਨ। ਤਜਹੁ-ਛਡ ਦਿਓ। ਮਾਨੁ-ਆਦਰ। ਅਭਿਮਾਨਾ-ਨਿਰਾਦਰ। ਕੰਚਨੁ-ਸੋਨਾ। ਸਮ ਕਰਿ-ਬਰਾਬਰ; ਇਕੋ ਜਿਹੇ। ਜਾਨਹਿ-ਜਾਣਦੇ ਹਨ। ਤੇ-ਉਹ (ਮਨੁੱਖ)। ਮੂਰਤਿ-ਸਰੂਪ

।ਭਗਵਾਨਾ–ਪ੍ਰਭੂ।੧।ਜਨੁ–ਸੇਵਕ।ਏਕੁ ਆਧੁ–ਇਕ ਅੱਧਾ ਭਾਵ ਵਿਰਲਾ (ਮਨੁੱਖ)।ਹਰਿ ਪਦੁ–ਆਤਮ ਪਦਵੀ; ਹਰੀ ਦੀ ਪਦਵੀ ।ਚੀਨੈ–ਪਛਾਣਦਾ ਹੈ।ਸੋਈ–ਉਹ (ਸੇਵਕ)।੧।ਰਹਾਉ।ਰਜ ਗੁਣ–ਰਾਜਸੀ ਗੁਣ (ਵੱਡਾ ਬਣਨ ਦੀ ਇੱਛਾ ਵਿਚ ਮਾਇਆ ਵਾਲੀ ਬ੍ਰਿਤੀ)।ਤਮ ਗੁਣ–ਕ੍ਰੋਧ ਤੇ ਲੜਾਈ ਝਗੜਿਆਂ ਵਾਲੀ ਬ੍ਰਿਤੀ ਵਾਲਾ ਗੁਣ।ਸਤੋ ਗੁਣ–ਸ਼ਾਂਤੀ, ਦਇਆ ਤੇ ਖਿਮਾ ਆਦਿ ਵਾਲਾ ਗੁਣ ।ਚਉਥੇ ਪਦ ਕਉ–(ਤਿੰਨਾਂ ਗੁਣਾਂ ਤੋਂ ਉਪਰ) ਪ੍ਰਭੂ ਦੇ ਮਿਲਾਪ ਵਾਲੀ ਅਵਸਥਾ।ਨਰੁ–ਮਨੁੱਖ।ਤਿਨ੍ ਹੀ–ਉਸ ਨੇ ਹੀ।ਪਰਮ ਪਦੁ–ਉਚੀ ਆਤਮਕ ਅਵਸਥਾ।੨।ਵਰਤ–ਭੁੱਖੇ ਰਹਿਣਾ।ਸੁਚਿ–ਸੁੱਚਮਤਾ।ਸੰਜਮ–ਇੰਦ੍ਰੀਆਂ ਨੂੰ ਕਾਬੂ ਕਰਨ ਦੇ ਜਤਨ।ਨਿਹਕਾਮਾ–ਨਿਰ ਇੱਛਤ।ਅਰੁ–ਅਤੇ।ਭ੍ਰਮੁ–ਭਰਮ।ਚੂਕਾ–ਦੂਰ ਹੋ ਗਿਆ।ਚਿਤਵਤ–ਸਿਮਰਦਾ ਹੈ।ਆਤਮ ਰਾਮਾ–ਪ੍ਰਭੂ ਨੂੰ।੩।ਜਿਹ ਮੰਦਰਿ–ਜਿਸ ਘਰ ਵਿਚ।ਦੀਪਕੁ–ਦੀਵਾ।ਪਰਗਾਸਿਆ–ਜਗ ਪਿਆ ਹੈ।ਅੰਧਕਾਰੁ–ਹਨ੍ਹੇਰਾ।ਤਹ–ਉਥੋਂ।ਨਾਸਾ–ਨੱਸ ਗਿਆ।ਨਿਰਭਉ–ਭੈ ਰਹਿਤ ਪ੍ਰਭੂ।ਪੂਰਿ ਰਹੇ–ਪਸਰ ਜਾਵੇ।ਭਾਗਾ–ਦੂਰ ਹੋ ਗਿਆ।੪।੧।

ਸਾਰੰਸ਼ = ਤਿੰਨਾਂ ਗੁਣਾਂ ਤੋਂ ਪੈਦਾ ਹੋਈਆਂ ਹਾਲਤਾਂ ਅਤੇ ਹੋਰ ਕਰਮ ਛਡ ਕੇ ਇਕ ਹਰੀ ਨੂੰ ਮਨ ਵਿਚ ਵਸਾਉਣ ਨਾਲ ਮਨ ਉਚੀ ਤੋਂ ਉਚੀ ਅਵਸਥਾ ਨੂੰ ਪ੍ਰਾਪਤ ਹੋ ਜਾਂਦਾ ਹੈ (ਸ਼ਬਦਾਰਥ)।

ਕਿਨਹੀ ਬਨਜਿਆ ਕਾਂਸੀ ਤਾਂਬਾ, ਕਿਨਹੀ ਲਉਗ ਸੁਪਾਰੀ ॥ ਸੰਤਹੁ ਬਨਜਿਆ ਨਾਮੁ ਗੋਬਿਦ ਕਾ, ਐਸੀ ਖੇਪ ਹਮਾਰੀ ॥੧॥ ਹਰਿ ਕੇ ਨਾਮ ਕੇ ਬਿਆਪਾਰੀ ॥ ਹੀਰਾ ਹਾਥਿ ਚੜਿਆ ਨਿਰਮੋਲਕੁ ,ਛੂਟਿ ਗਈ ਸੰਸਾਰੀ ॥੧॥ਰਹਾਉ॥ ਸਾਚੇ ਲਾਏ ਤਉ ਸਚ ਲਾਗੇ, ਸਾਚੇ ਕੇ ਬਿਉਹਾਰੀ ॥ ਸਾਚੀ ਬਸਤੁ ਕੇ ਭਾਰੁ ਚਲਾਏ, ਪਹੁਚੇ ਜਾਇ ਭੰਡਾਰੀ ॥੨॥ ਆਪਹਿ ਰਤਨ ਜਵਾਹਰ ਮਾਨਿਕ, ਆਪੈ ਹੈ ਪਾਸਾਰੀ ॥ ਆਪੈ ਦਹਦਿਸ ਆਪ ਚਲਾਵੈ, ਨਿਹਚਲੁ ਹੈ ਬਿਆਪਾਰੀ ॥੩॥ ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ, ਗਿਆਨ ਗੋਨਿ ਭਰਿ ਡਾਰੀ ॥ ਕਹਤੁ ਕਬੀਰੁ ਸੁਨਹੁ ਰੇ ਸੰਤਹੁ ,ਨਿਬਹੀ ਖੇਪ ਹਮਾਰੀ ॥੪॥੨॥ (ਸੰਸਾਰ ਦੇ ਵਪਾਰੀਆਂ ਵਿਚੋਂ) ਕਿਸੇ ਮਨੁੱਖ ਨੇ ਕੈਂਹਾਂ ਤੇ ਤਾਂਬੇ ਦਾ ਵਣਜ ਕੀਤਾ ਹੈ ਅਤੇ ਕਿਸੇ ਨੇ ਲੌਂਗ ਤੇ ਸੁਪਾਰੀ ਦਾ ਵਣਜ ਕੀਤਾ ਹੈ।(ਪਰ ਅਸੀਂ) ਸੰਤਾਂ ਨੇ ਗੋਬਿੰਦ ਦਾ ਨਾਮ ਵਣਜਿਆ ਹੈ, ਸਾਡੀ (ਸੰਤਾਂ ਦੀ) ਵਸਤੂ ਇਹੋ ਜਿਹੀ ਹੈ।੧।(ਹੇ ਭਾਈ! ਅਸੀਂ ਸੰਤ ਜਨ) ਹਰੀ ਦੇ ਨਾਮ ਦੇ ਵਪਾਰੀ ਹਾਂ।ਨਾਮ ਰੂਪ ਅਮੋਲਕ ਹੀਰਾ (ਸਾਡੇ) ਹੱਥ ਚੜ੍ਹਿਆ (ਲੱਭਿਆ) ਹੈ, (ਹੁਣ ਸਾਡੇ ਪਾਸੋਂ) ਸੰਸਾਰੀ ਲੋਕਾਂ ਵਾਲੀ ਚਾਲ ਛੁਟ ਗਈ ਹੈ।੧।ਰਹਾਉ। (ਹੇ ਭਾਈ!) ਸੱਚੇ ਪ੍ਰਭੂ ਨੇ ਸੱਚੇ ਵਪਾਰ ਵਿਚ ਲਾਏ ਹਾਂ, ਤਾਂ ਹੀ ਅਸੀਂ ਸਚੇ ਵਪਾਰ (ਨਾਮ ਜਪਣ ਤੇ ਜਪਾਉਣ) ਵਿਚ ਲੱਗੇ ਹਾਂ, (ਹੁਣ ਅਸੀਂ) ਸੱਚੇ ਦੇ ਵਪਾਰੀ ਹਾਂ।(ਅਸੀਂ ਨਾਮ ਰੂਪ) ਸੱਚੀ ਵਸਤੂ ਦੇ ਭਾਰ ਲੱਦ ਕੇ ਚਲਾਏ ਹਨ ਅਤੇ ਪ੍ਰਭੂ ਦੇ ਖਜਾਨੇ ਵਿਚ ਜਾ ਪਹੁੰਚੇ ਹਾਂ।੨।(ਪ੍ਰਭੂ ਦੇ ਦਰਸ਼ਨ ਕਰਕੇ ਪਤਾ ਲੱਗਾ ਕਿ) ਪ੍ਰਭੂ ਆਪ ਹੀ ਰਤਨਾਂ, ਜਵਾਹਰਾਂ ਤੇ ਮਾਣਕ ਆਦਿ ਦਾ ਵਪਾਰ ਕਰਨ ਵਾਲਾ ਜੌਹਰੀ ਹੈ।(ਉਹ) ਆਪ ਹੀ ਵਪਾਰੀ ਜੀਵਾਂ ਨੂੰ ਦਸੀਂ ਪਾਸੀਂ ਤੋਰਦਾ ਹੈ; ਆਪ ਹੀ ਦਸੀਂ ਪਾਸੀਂ ਵਪਾਰ ਚਲਾਉਂਦਾ ਹੈ, (ਇਉਂ ਉਹ) ਸਦਾ ਕਾਇਮ ਰਹਿਣ ਵਾਲਾ ਵਪਾਰੀ ਹੈ।੩।ਮੈਂ ਮਨ ਨੂੰ ਬਲਦ ਬਣਾ ਕਰਕੇ, (ਪ੍ਰਭੂ ਦੇ ਚਰਨਾਂ ਵਿਚ ਜੁੜੀ) ਸੁਰਤ ਰਾਹੀਂ ਜੀਵਨ ਦਾ ਪੈਂਡਾ ਚਲ ਕਰਕੇ ਗਿਆਨ ਦੀ (ਅੰਤਹਕਰਣ ਰੂਪ) ਗੂਣ ਭਰ ਲਈ ਹੈ।ਕਬੀਰ ਜੀ ਆਖਦੇ ਹਨ ਕਿ ਹੇ ਸੰਤ ਜਨੋਂ! ਸੁਣੋ, ਸਾਡੀ ਖੇਪ ਸਹੀ ਸਲਾਮਤ ਠੀਕ ਜਗ੍ਹਾ ਪੁਜ ਗਈ ਹੈ (ਜੀਵਨ ਲਾਭ ਮਿਲ ਗਿਆ ਹੈ)।੪।੨।

ਪਦਾਰਥ = ਕਿਨਹੀ–ਕਿਸੇ ਨੇ।ਬਨਜਿਆ–ਵਪਾਰ ਕੀਤਾ ਹੈ; ਖ੍ਰੀਦਿਆ ਹੈ।ਕਾਂਸੀ–ਕੈਹਾਂ।ਲਉਗ–ਲੌਂਗ।ਸੰਤਹੁ–ਸੰਤਾਂ ਨੇ।ਖੇਪ–ਸੌਦਾ; ਵਸਤੂ।ਹਮਾਰੀ–ਸਾਡੀ।੧।ਹਾਥਿ ਚੜਿਆ–ਹੱਥ ਲੱਗਾ ਹੈ; ਲੱਭ ਪਿਆ ਹੈ।ਨਿਰਮੋਲਕੁ–ਅਮੋਲਕ।ਛੂਟਿ ਗਈ–ਮੁੱਕ ਗਈ।ਸੰਸਾਰੀ–ਸੰਸਾਰੀ ਲੋਕਾਂ ਵਾਲੀ ਚਾਲ (ਰੀਤ)।੧।ਰਹਾਉ।ਸਾਚੇ–ਸੱਚੇ ਪ੍ਰਭੂ ਨੇ।ਤਉ–ਤਾਂ ਹੀ।ਸਚ ਲਾਗੇ–ਸਚੇ ਵਪਾਰ ਵਿਚ ਲੱਗੇ ਹਾਂ।ਬਿਉਹਾਰੀ–ਵਪਾਰੀ।ਬਸਤੁ–ਵਸਤੂ।ਭੰਡਾਰੀ–ਪ੍ਰਭੂ ਦੇ ਖਜਾਨੇ ਵਿਚ।੨।ਆਪਹਿ–ਪ੍ਰਭੂ ਆਪ ਹੀ।ਪਾਸਾਰੀ–ਜੌਹਰੀ।ਦਹਦਿਸ –ਦਸ ਦਿਸ਼ਾਵਾਂ ਵਿਚ (ਸਭ ਪਾਸੇ)।ਚਲਾਵੈ–(ਵਪਾਰੀਆਂ ਨੂੰ) ਤੋਰਦਾ ਹੈ।ਨਿਹਚਲੁ–ਸਦਾ ਕਾਇਮ ਰਹਿਣ ਵਾਲਾ।ਬਿਆਪਾਰੀ–ਵਪਾਰੀ।੩।ਕਰਿ–ਕਰਕੇ।ਬੈਲੁ–ਬਲਦ।ਸੁਰਤਿ–ਸੁਰਤ ਰਾਹੀਂ।ਪੈਡਾ–ਰਸਤਾ।ਗੋਨਿ–ਗੂਣ (ਖੱਚਰ ਗਧੇ ਆਦਿ ਉਤੇ ਸਮਾਨ ਲੱਦਣ ਦੀ ਬੋਰੀ)।ਭਰਿ ਡਾਰੀ–ਭਰ ਲਈ।ਨਿਬਹੀ–ਤੋੜ ਨਿਭ ਗਈ (ਸਹੀ ਸਲਾਮਤ ਪੁਜ ਗਈ)।੪।੨।

ਰੀ ਕਲਵਾਰਿ ਗਵਾਰਿ ਮੂਢ ਮਤਿ, ਉਲਟੋ ਪਵਨੁ ਫਿਰਾਵਉ ॥ ਮਨੁ ਮਤਵਾਰ ਮੇਰ ਸਰ ਭਾਠੀ, ਅੰਮ੍ਰਿਤ ਧਾਰ ਚੁਆਵਉ ॥੧॥

ਬੋਲਹੁ ਭਈਆ ਰਾਮ ਕੀ ਦੁਹਾਈ ॥ ਪੀਵਹੁ ਸੰਤ ਸਦਾ ਮਤਿ ਦੁਰਲਭ, ਸਹਜੇ ਪਿਆਸ ਬੁਝਾਈ ॥੧॥ਰਹਾਉ॥ ਭੈ ਬਿਚਿ ਭਾਉ ਭਾਇ ਕੋਊ ਬੂਝਹਿ, ਹਰਿ ਰਸੁ ਪਾਵੈ ਭਾਈ ॥ ਜੇਤੇ ਘਟ ਅੰਮ੍ਰਿਤੁ ਸਭ ਹੀ ਮਹਿ, ਭਾਵੈ ਤਿਸਹਿ ਪੀਆਈ ॥੨॥ ਨਗਰੀ ਏਕੈ ਨਉ ਦਰਵਾਜੇ, ਧਾਵਤੁ ਬਰਜਿ ਰਹਾਈ ॥ ਤ੍ਰਿਕੁਟੀ ਛੂਟੈ ਦਸਵਾ ਦਰੁ ਖੁਲ੍ਹੈ ,ਤਾ ਮਨੁ ਖੀਵਾ ਭਾਈ ॥੩॥ ਅਭੈ ਪਦ ਪੂਰਿ ਤਾਪ ਤਹ ਨਾਸੇ ,ਕਹਿ ਕਬੀਰ ਬੀਚਾਰੀ ॥ ਉਬਟ ਚਲੰਤੇ ਇਹੁ ਮਦੁ ਪਾਇਆ, ਜੈਸੇ ਖੋਂਦ ਖੁਮਾਰੀ ॥੪॥੩॥ (ਕਬੀਰ ਜੀ ਕਿਸੇ ਜੋਗੀ ਨੂੰ ਸਿੱਖਿਆ ਦੇਂਦੇ ਹਨ, ਜੋ ਸ਼ਰਾਬ ਪੀ ਕੇ ਮਸਤ ਰਹਿੰਦਾ ਹੈ) ਹੇ (ਸ਼ਰਾਬ ਪਿਲਾਉਣ ਵਾਲੀ ਬੁੱਧੀ ਰੂਪ) ਕਲਾਲਣ! ਹੇ ਅਸਭਯ ਤੇ ਮੂਰਖ ਬੁੱਧੀ! ਵਾਸ਼ਨਾ ਰੂਪ ਪੌਣ ਨੂੰ ਸੰਸਾਰ ਵੱਲੋਂ ਉਲਟਾ ਕੇ (ਪ੍ਰਭੂ ਦੇ ਸਿਮਰਨ ਵੱਲ) ਫਿਰਾ (ਮੋੜ)। ਮੱਨ ਨੂੰ ਦਸਮ ਦੁਆਰ (ਉਚੀ ਮਾਨਸਕ ਅਨੁਭਵੀ ਅਵਸਥਾ) ਨੂੰ ਭੱਠੀ ਵਾਂਗ ਬਣਾ, (ਉਸ ਵਿਚੋਂ ਤੂੰ) ਅੰਮ੍ਰਿਤ ਧਾਰ ਚੁਆਉਂਦੀ ਰਹੁ (ਇਸ ਤਰ੍ਹਾਂ ਅਪਣੇ) ਮਨ ਨੂੰ ਮਸਤ ਬਣਾ (ਨਾਮ ਸਿਮਰਨ ਰੂਪ ਅੰਮ੍ਰਿਤ ਦਾ ਅਨੰਦ ਮਾਣ)।੧। ਹੇ ਭਾਈ! ਰਾਮ ਨਾਮ ਦੀ ਦੁਹਾਈ ਬੋਲ (ਸਿਮਰ)। ਹੇ ਸੰਤ ਜਨੋਂ! (ਪ੍ਰਭੂ ਦੇ) ਨਾਮ ਅੰਮ੍ਰਿਤ ਦੀ ਦੁਰਲੱਭ ਸ਼ਰਾਬ ਸਦਾ ਪੀਂਦੇ ਰਹੋ, (ਇਹ ਸ਼ਰਾਬ) ਸੁਤੇ ਸਿੱਧ ਹੀ ਤੁਹਾਡੀ (ਮਾਇਕ ਪਦਾਰਥਾਂ ਦੇ ਤ੍ਰਿਸ਼ਨਾ ਦੀ) ਪਿਆਸ ਬੁਝਾ ਦੇਵੇਗੀ।੧। ਰਹਾਉ। ਹੇ ਭਾਈ! (ਜਿਹੜਾ ਮਨੁੱਖ) ਹਰੀ ਦਾ ਨਾਮ ਅੰਮ੍ਰਿਤ ਦਾ ਅਨੰਦ ਪ੍ਰਾਪਤ ਕਰ ਲੈਂਦਾ ਹੈ, ਪ੍ਰਭੂ ਦੇ ਭੈ ਵਿਚ ਰਹਿਣ ਕਰ ਕੇ (ਉਸ ਦੇ ਅੰਦਰ) ਪ੍ਰਭੂ ਦਾ ਪ੍ਰੇਮ ਪੈਦਾ ਹੁੰਦਾ ਹੈ, ਇਸ ਪ੍ਰੇਮ ਰਾਹੀਂ ਕੋਈ (ਵਿਰਲੇ ਨਾਮ ਅਭਿਆਸੀ ਇਸ ਖੇਡ ਨੂੰ) ਸਮਝਦੇ ਹਨ। ਜਿਤਨੇ ਵੀ ਜੀਵ ਰੂਪ ਭਾਂਡੇ ਹਨ, ਉਨ੍ਹਾਂ ਸਭਨਾ ਅੰਦਰ ਹੀ ਨਾਮ ਅੰਮ੍ਰਿਤ ਮੌਜੂਦ ਹੈ, (ਪਰ ਜਿਹੜਾ ਜੀਵ) ਉਸ ਪ੍ਰਭੂ ਨੂੰ ਚੰਗਾ ਲਗਦਾ ਹੈ, ਉਸ ਨੂੰ ਹੀ (ਪ੍ਰਭੂ ਨਾਮ ਅੰਮ੍ਰਿਤ) ਪਿਲਾਉਂਦਾ ਹੈ।੨। ਸਰੀਰ ਰੂਪ ਨਗਰ ਇਕ ਹੈ, ਇਸ ਦੇ ਨੌਂ ਦਰਵਾਜੇ ਹਨ, (ਇਨ੍ਹਾਂ ਨੌਂ ਦਰਵਾਜਿਆਂ ਰਾਹੀਂ ਜੋ ਮਨੁੱਖ) ਦੌੜਦੇ ਮਨ ਨੂੰ ਰੋਕ ਰੱਖਦਾ ਹੈ। (ਉਸ ਦੀ) ਤਿੰਨਾਂ (ਰਜੋ, ਸਤੋ ਤੇ ਤਮੋ) ਗੁਣਾਂ ਦੀ ਗੁੰਝਲ ਛੁਟ ਜਾਂਦੀ ਹੈ, (ਜਿਸ ਨਾਲ ਉਸ ਦਾ) ਦਸਵਾਂ ਦੁਆਰ ਖੁਲ੍ਹਦਾ ਹੈ (ਆਤਮਾ ਦੇ ਧੁਰ ਅੰਦਰ ਵਾਹਿਗੁਰੂ ਅਨੁਭਵ ਹੁੰਦਾ ਹੈ), ਹੇ ਭਾਈ! ਤਦ (ਨਾਮ ਅੰਮ੍ਰਿਤ ਪੀ ਕੇ ਉਸ ਦਾ) ਮਨ ਮਸਤ ਰਹਿੰਦਾ ਹੈ।੩। ਕਬੀਰ ਜੀ ਵਿਚਾਰ ਕੇ ਆਖਦੇ ਹਨ ਕਿ (ਜਿਸ ਮਨੁੱਖ ਨੂੰ) ਅਭੈ ਪਦ ਦੀ ਪੂਰੀ ਤਰ੍ਹਾਂ ਪ੍ਰਾਪਤੀ ਹੋਈ ਹੈ, ਉਸ ਅਵਸਥਾ ਵਿਚ (ਉਸ ਦੇ) ਤਿੰਨ ਤਾਪ ਨਾਸ਼ ਹੋ ਗਏ ਹਨ। (ਉਸ ਨੇ ਜਦ) ਵਿਸ਼ੇ ਵਿਕਾਰਾਂ ਵੱਲ ਚਲਦੇ ਮਨ ਨੂੰ (ਪ੍ਰਭੂ ਦੇ ਸਿਮਰਨ ਵੱਲ) ਉਲਟਾ ਲਿਆ, ਤਾਂ ਇਹ (ਉਸ ਨੇ ਨਾਮ ਸਿਮਰਨ ਦਾ) ਨਸ਼ਾ ਪ੍ਰਾਪਤ ਕਰ ਲਿਆ, (ਇਸ ਨਸ਼ੇ ਦੀ ਮਸਤੀ ਇਉਂ ਹੈ) ਜਿਸ ਤਰ੍ਹਾਂ ਅੰਗੂਰੀ ਸ਼ਰਾਬ ਦੀ ਮਸਤੀ ਹੁੰਦੀ ਹੈ।੪।੩।

ਉਬਟ ਚਲੰਤੇ = (ਪਰ ਇਹ ਨਾਮ ਅੰਮ੍ਰਿਤ ਹਾਸਲ ਕਰਨ ਵਾਲਾ ਰਾਹ ਔਖਾ ਪਹਾੜੀ ਰਾਹ ਹੈ) ਇਸ ਔਖੇ ਚੜ੍ਹਾਈ ਦੇ ਰਾਹ ਚੜ੍ਹਦਿਆਂ ਹੀ ਇਹ ਨਸ਼ਾ ਪ੍ਰਾਪਤ ਹੁੰਦਾ ਹੈ, (ਇਹ ਨਸ਼ਾ ਇਉਂ ਹੈ) ਜਿਵੇਂ ਅੰਗੂਰੀ ਸ਼ਰਾਬ ਦਾ ਨਸ਼ਾ ਹੁੰਦਾ ਹੈ (ਦਰਪਣ)।

ਪਦਾਰਥ = ਰੀ–ਹੇ। ਕਲਵਾਰਿ–(ਸ਼ਰਾਬ ਕੱਢਣ ਵਾਲੀ) ਕਲਾਲਣ। ਰੀ ਗਵਾਰਿ–ਹੇ ਅਸੱਭਯ! ;ਹੇ ਬੇਸਮਝ!। ਮੂਢ ਮਤਿ–ਮੂਰਖ ਬੁੱਧੀ। ਉਲਟੋ–ਉਲਟਾ ਕੇ। ਪਵਨੁ–ਪੌਣ (ਸੁਆਸ)। ਫਿਰਾਵਉ–ਫਿਰਾ (ਮੋੜ)। ਮਤਵਾਰ–ਨਸ਼ੇ ਵਿਚ ਮਸਤ। ਮੇਰ–ਸੁਮੇਰ (ਸਰੀਰ ਦਾ ਸਭ ਤੋਂ ਉਚਾ ਭਾਗ ਭਾਵ ਦਸਮ ਦੁਆਰ। ਸੁਰਤ ਦੀ ਉਹ ਉਚੀ ਤੇ ਸਾਫ ਹਾਲਤ, ਜਿਸ ਵਿਚ ਨਾ ਸਰੀਰਕ ਰੁਝੇਵਿਆਂ ਦਾ ਖਿਆਲ ਤੇ ਨਾ ਮਨ ਦੀ ਉਧੇੜ ਬੁਣ ਬਾਕੀ ਰਹਿ ਜਾਂਦੀ ਹੈ; ਆਤਮਾ ਦੇ ਧੁਰ ਅੰਦਰ, ਜਿਥੇ ਵਾਹਿਗੁਰੂ ਅਨੁਭਵ ਹੁੰਦਾ ਹੈ)। ਸਰ–ਵਰਗਾ; ਬਰਾਬਰ। ਭਾਠੀ–ਸ਼ਰਾਬ ਕੱਢਣ ਵਾਲੀ ਭੱਠੀ। ਅੰਮ੍ਰਿਤ ਧਾਰ–ਨਾਮ ਅੰਮ੍ਰਿਤ ਦੀ ਧਾਰ। ਚੁਆਵਉ–ਚੁਆਉਂਦਾ ਰਹੁ।੧। ਬੋਲਹੁ–ਉਚਾਰਨ ਕਰ। ਭਈਆ–ਹੇ ਭਾਈ!। ਰਾਮ ਕੀ–ਪ੍ਰਭੂ ਦੀ। ਦੁਹਾਈ–ਮੁੜ ਮੁੜ ਪ੍ਰਭੂ ਦਾ ਨਾਮ ਜਪੀ ਜਾਹ। ਸੰਤ–ਹੇ ਸੰਤ ਜਨੋਂ!। ਪੀਵਹੁ–ਪੀਓ। ਮਤਿ ਦੁਰਲਭ–ਮੁਸ਼ਕਲ ਨਾਲ ਲੱਭਣ ਵਾਲੀ ਸ਼ਰਾਬ। ਸਹਜੇ–ਸੁਤੇ ਸਿਧ। ਬੁਝਾਈ–ਬੁਝਾ ਦੇਵੇਗੀ।੧ । ਰਹਾਉ । ਭੈ ਬਿਚਿ–ਪ੍ਰਭੂ ਦੇ ਡਰ ਵਿਚ। ਭਾਉ–ਪ੍ਰੇਮ। ਭਾਇ–ਪ੍ਰੇਮ ਰਾਹੀਂ। ਕੋਊ–ਕੋਈ ਵਿਰਲਾ (ਮਨੁੱਖ)। ਬੂਝਹਿ–ਸਮਝਦੇ ਹਨ। ਹਰਿ ਰਸੁ–ਹਰੀ ਦੇ ਨਾਮ ਅੰਮ੍ਰਿਤ ਦਾ ਅਨੰਦ। ਭਾਈ–ਹੇ ਭਾਈ!। ਜੇਤੇ–ਜਿਤਨੇ ਵੀ। ਘਟ–ਜੀਵ ਰੂਪ ਭਾਂਡੇ। ਸਭ ਹੀ ਮਹਿ–ਸਭਨਾਂ ਵਿਚ ਹੀ। ਭਾਵੈ–ਚੰਗਾ ਲਗਦਾ ਹੈ। ਤਿਸਹਿ–ਉਸ ਨੂੰ ਹੀ। ਪੀਆਈ–ਪਿਲਾਉਂਦਾ ਹੈ।੨। ਨਗਰੀ ਏਕੈ–ਸਰੀਰ ਰੂਪ ਨਗਰ ਇਹ ਹੈ। ਨਉ ਦਰਵਾਜੇ–ਸਰੀਰ ਦੇ ਨੌਂ ਛੇਦ (ਨੱਕ ਕੰਨ ਆਦਿ)। ਧਾਵਤ–ਦੌੜਦੇ ਮਨ ਨੂੰ। ਬਰਜਿ ਰਹਾਈ–ਰੋਕ ਰੱਖਦਾ ਹੈ। ਤ੍ਰਿਕੁਟੀ–ਤਿੰਨ ਗੁਣਾਂ ਦੀ ਗੁੰਝਲ। ਛੂਟੈ–ਛੁਟਦੀ ਹੈ। ਤਾ–ਤਦ। ਖੀਵਾ–ਮਸਤ।੩। ਅਭੈ ਪਦ–ਦੁਨੀਆਂ ਦੇ ਭੈ ਤੋਂ ਰਹਿਤ ਅਵਸਥਾ; ਨਿਰਭਉ ਵਾਹਿਗੁਰੂ

ਤਕ ਪਹੁੰਚ ਵਾਲੀ ਅਵਸਥਾ। ਪੂਰਿ–ਪੂਰੀ ਤਰ੍ਹਾਂ। ਤਾਪ–ਆਧ ਬਿਆਧ ਤੇ ਉਪਾਧ ਰੋਗ। ਤਹ–ਉਸ ਅਵਸਥਾ ਵਿਚ। ਨਾਸ–ਨਾਸ਼ ਹੋ ਗਏ। ਕਹਿ–ਕਹਿੰਦਾ ਹੈ। ਬੀਚਾਰੀ–ਵਿਚਾਰ ਕੇ। ਉਬਟ ਚਲੰਤੇ–ਮਾਇਆ ਵੱਲ ਚਲਦੇ ਮਨ ਨੂੰ; ਔਖੇ ਰਸਤੇ ਚਲਦਿਆਂ। ਮਦੁ–ਨਸ਼ਾ; ਸ਼ਰਾਬ। ਖੋਂਦ ਖੁਮਾਰੀ–ਅੰਗੂਰੀ ਸ਼ਰਾਬ ਦੇ ਨਸ਼ੇ ਦੀ ਮਸਤੀ; ਪਸ਼ੂ ਨੂੰ ਛੋਲਿਆਂ ਆਦਿ ਦੀ ਖੁਰਾਕ ਖਿਲਾਉਣ ਨੂੰ ਖੋਂਦ ਕਹਿੰਦੇ ਹਨ, ਇਸ ਨਾਲ ਪਸੂ ਤਕੜਾ ਤੇ ਬੜਾ ਮਸਤ ਰਹਿੰਦਾ ਹੈ, ਕਬੀਰ ਜੀ ਕਹਿੰਦੇ ਹਨਕਿ ਇਹ ਨਸ਼ਾ ਪੀ ਕੇ ਖੋਂਦ ਖੁਮਾਰੀ ਵਾਂਗ ਮਹਿਸੂਸ ਹੁੰਦਾ ਹੈ (ਸ਼ਬਦਾਰਥ)।੪।੩।

ਅੰਗ ੧੧੨੪ = ਕਾਮ ਕ੍ਰੋਧ ਤ੍ਰਿਸਨਾ ਕੇ ਲੀਨੇ, ਗਤਿ ਨਹੀ ਏਕੈ ਜਾਨੀ ॥ ਫੂਟੀ ਆਖੈ ਕਛੂ ਨ ਸੂਝੈ, ਬੂਡਿ ਮੂਏ ਬਿਨੁ ਪਾਨੀ ॥੧॥ ਚਲਤ ਕਤ ਟੇਢੇ ਟੇਢੇ ਟੇਢੇ ॥ ਅਸਤਿ ਚਰਮ ਬਿਸਟਾ ਕੇ ਮੂੰਦੇ, ਦੁਰਗੰਧ ਹੀ ਕੇ ਬੇਢੇ ॥੧॥ਰਹਾਉ॥ ਰਾਮ ਨ ਜਪਹੁ ਕਵਨ ਭ੍ਰਮ ਭੂਲੇ, ਤੁਮ ਤੇ ਕਾਲੁ ਨ ਦੂਰੇ ॥ ਅਨਿਕ ਜਤਨ ਕਰਿ ਇਹ ਤਨੁ ਰਾਖਹੁ ,ਰਹੈ ਅਵਸਥਾ ਪੂਰੇ ॥੨॥ ਆਪਨ ਕੀਆ ਕਛੂ ਨ ਹੋਵੈ, ਕਿਆ ਕੋ ਕਰੈ ਪਰਾਨੀ ॥ ਜਾ ਤਿਸੁ ਭਾਵੈ ਸਤਿਗੁਰੁ ਭੇਟੈ, ਏਕੋ ਨਾਮੁ ਬਖਾਨੀ ॥੩॥ ਬਲੂਆ ਕੇ ਘਰੂਆ ਮਹਿ ਬਸਤੇ, ਫੁਲ ਵਤ ਦੇਹ ਅਇਆਨੇ ॥ ਕਹੁ ਕਬੀਰ ਜਿਹ ਰਾਮੁ ਨ ਚੇਤਿਓ, ਬੂਡੇ ਬਹੁਤੁ ਸਿਆਨੇ ॥੪॥੪॥ (ਹੇ ਭਾਈ!) ਕਾਮ, ਕ੍ਰੋਧ ਤੇ ਤ੍ਰਿਸ਼ਨਾ ਦੇ ਗ੍ਰਸੇ ਹੋਏ (ਸੰਸਾਰੀ ਮਨੁੱਖਾਂ ਨੇ) ਇਕ ਪ੍ਰਭੂ ਦੀ ਪ੍ਰਾਪਤੀ ਦੀ ਅਵਸਥਾ ਨਹੀਂ ਜਾਣੀ। (ਕਾਮਾਦਿਕ ਵਿਕਾਰਾਂ ਵਿਚ ਦੈਵੀ) ਅੱਖਾਂ ਫੁਟ ਜਾਣ (ਅੰਨ੍ਹੇ ਹੋਏ ਹੋਣ) ਕਰਕੇ ਲੋਕਾਂ ਨੂੰ ਕੁਛ ਸੁਝਦਾ ਹੀ ਨਹੀਂ, (ਵਿਕਾਰਾਂ ਵਿਚ ਗ੍ਰਸੇ ਮਨੁੱਖ) ਬਿਨਾ ਪਾਣੀ ਦੇ ਡੁਬ ਮਰੇ ਹਨ (ਵਿਸ਼ੇ ਵਿਕਾਰਾਂ ਵਿਚ ਮਗਨ ਰਹਿ ਕੇ ਅਣਿਆਈ ਮੌਤ ਮਰ ਰਹੇ ਹਨ)।੧। (ਹੇ ਗਿਆਨ ਹੀਣ ਮਨੁੱਖ) ਮਨ ਤਨ ਤੇ ਕਰਮ ਕਰਕੇ ਟੇਢੇ ਕਿਸ ਵਾਸਤੇ ਚਲਦੇ ਹੋ? (ਤੁਸੀਂ) ਹੱਡੀਆਂ, ਬਿਸ਼ਟਾ ਆਦਿ ਦੁਰਗੰਧ ਦੇ ਭਰੇ ਹੋਏ ਹੋ ਅਤੇ ਉਪਰੋਂ ਚੰਮ ਨਾਲ ਲਪੇਟੇ ਹੋਏ ਹੋ ।੧।ਰਹਾਉ। (ਹੇ ਭਾਈ! ਤੁਸੀਂ) ਪ੍ਰਭੂ ਦਾ ਨਾਮ ਨਹੀਂ ਜਪਦੇ, (ਤੁਸੀਂ) ਕਿਹੜੇ ਭਰਮ ਵਿਚ ਭੁੱਲੇ ਫਿਰਦੇ ਹੋ (ਕੁਰਾਹੇ ਪਏ ਹੋਏ ਹੋ ,ਪਰ ਯਾਦ ਰੱਖੋ) ਤੁਹਾਥੋਂ ਕਾਲ ਦੂਰ ਨਹੀਂ ਹੈ (ਮੌਤ ਨੇੜੇ ਸਮਝੋ। ਤੁਸੀਂ) ਅਨੇਕਾਂ ਜਤਨ ਕਰਕੇ ਇਸ ਸਰੀਰ ਨੂੰ ਰੱਖਦੇ ਹੋ, (ਪਰ ਇਹ ਅਪਣੀ) ਉਮਰ ਪੂਰੀ ਹੋਣ ਤਕ ਹੀ ਕਾਇਮ ਰਹਿੰਦਾ ਹੈ (ਉਮਰ ਪੂਰੀ ਹੋਣ ਤੋਂ ਬਾਦ ਨਹੀਂ ਰਹੇਗਾ)।੨। (ਹੇ ਭਾਈ!) ਕੋਈ ਪ੍ਰਾਨੀ ਕੀ ਕਰ ਸਕਦਾ ਹੈ? (ਪ੍ਰਾਨੀ ਵਲੋਂ) ਅਪਣਾ ਕੀਤਾ ਕੁਛ ਜਤਨ ਨਹੀਂ ਹੋ ਸਕਦਾ। ਜਦੋਂ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ, ਤਾਂ ਮਨੁੱਖ ਨੂੰ ਸਤਿਗੁਰੂ ਮਿਲਦਾ ਹੈ, (ਗੁਰੂ ਦੀ ਸ਼ਰਨ ਵਿਚ ਪੈ ਕੇ ਮਨੁੱਖ) ਪ੍ਰਭੂ ਦਾ ਇਕ ਨਾਮ ਉਚਾਰਦਾ ਹੈ।੩। ਹੇ ਇਆਣੇ ਜੀਵ! ਰੇਤ ਦੇ ਘਰ ਵਿਚ ਵਸਦਾ ਹੋਇਆ ਹੰਕਾਰ ਵਿਚ ਐਵੇਂ ਫੁੱਲਿਆ ਫਿਰਦਾ ਹੈਂ {ਮਨਹਠਿ ਕਰਮ ਕਰੈ ਅਭਿਮਾਨੀ ਜਿਉ ਬਾਲਕ ਬਾਲੂ ਘਰ ਉਸਰਣੀਆ। ਆਵੈ ਲਹਰਿ ਸਮੁੰਦ ਸਾਗਰ ਕੀ ਖਿਨ ਮਹਿ ਭਿੰਨ ਭਿੰਨ ਢਹਿ ਪਣੀਆ ੮੩੫}। ਕਬੀਰ ਜੀ ਆਖਦੇ ਹਨ ਕਿ ਜਿਨ੍ਹਾਂ ਮਨੁੱਖਾਂ ਨੇ ਰਾਮ ਨੂੰ ਯਾਦ ਨਹੀਂ ਕੀਤਾ, ਉਹ ਬਹੁਤੇ ਸਿਆਣੇ ਮਨੁੱਖ ਵੀ ਭਵਜਲ ਵਿਚ ਡੁਬ ਗਏ ਹਨ।੪।੪।

ਪਦਾਰਥ = ਕੇ ਲੀਨੇ–ਦੇ ਗ੍ਰਸੇ ਹੋਏ। ਗਤਿ ਏਕੈ–ਇਕ ਪ੍ਰਭੂ ਪ੍ਰਾਪਤੀ ਦੀ ਅਵਸਥਾ। ਨਹੀ ਜਾਨੀ–ਨਹੀਂ ਜਾਣੀ। ਫੂਟੀ ਆਖੈ–ਅੱਖਾਂ ਫੁਟ ਜਾਣ (ਅੰਨ੍ਹੇ; ਅਗਿਆਨੀ ਹੋਣ) ਕਰਕੇ। ਨ ਸੂਝੈ–ਸੁਝਦਾ ਨਹੀ; ਦਿਸਦਾ ਨਹੀਂ। ਬੂਡਿ ਮੂਏ–ਡੁਬ ਮਰੇ ਹਨ।੧। ਚਲਤ ਕਤ–ਕਿਸ ਵਾਸਤੇ ਚਲਦੇ ਹੋ? ਟੇਢੇ–ਆਕੜ ਵਿਚ ਵਿੰਗੇ ਹੋ ਕੇ। ਅਸਤਿ–ਹੱਡੀਆਂ। ਚਰਮ–ਚੰਮ। ਬਿਸਟਾ–ਗੰਦਗੀ। ਮੂੰਦੇ–ਭਰੇ ਹੋਏ ਹੋ। ਬੇਢੇ–ਵੇੜ੍ਹੇ (ਲਪੇਟੇ) ਹੋਏ।੧।ਰਹਾਉ। ਰਾਮ–ਸਰਬ ਵਿਆਪਕ ਪ੍ਰਭੂ। ਕਵਨ–ਕਿਹੜੇ। ਤੁਮ ਤੇ–ਤੁਹਾਥੋਂ। ਕਾਲੁ–ਮੌਤ। ਤਨੁ–ਸਰੀਰ। ਰਹੈ–ਰਹਿੰਦਾ ਹੈ। ਅਵਸਥਾ ਪੂਰੇ–ਉਮਰ ਪੂਰੀ ਹੋਣ ਤੱਕ।੨। ਕੋ ਪਰਾਨੀ–ਕੋਈ ਪ੍ਰਾਣੀ। ਜਾ–ਜਦੋਂ। ਤਿਸੁ–ਉਸ (ਪ੍ਰਭੂ) ਨੂੰ। ਭਾਵੈ–ਚੰਗਾ ਲਗਦਾ ਹੈ। ਭੇਟੈ–ਮਿਲਦਾ ਹੈ। ਬਖਾਨੀ–ਉਚਾਰਦਾ ਹੈ।੩। ਬਲੂਆ ਕੇ–ਰੇਤ ਦੇ। ਘਰੂਆ ਮਹਿ–ਘਰ ਵਿਚ। ਬਸਤੇ–ਵਸਦਾ ਹੈਂ ।ਫੁਲਵਤ–ਹੰਕਾਰ ਵਿਚ ਫੁਲਦਾ ਹੈ; ਫੁਲ ਵਤ–ਫੁੱਲ ਵਾਂਗ ਛਿਨ ਭੰਗਰ (ਫ.ਸ. ;ਸੰ.ਸ.)। ਦੇਹ–ਸਰੀਰ ਦਾ। ਅਇਆਨੇ–ਹੇ ਇਆਣੇ (ਬੇ ਸਮਝ) ਜੀਵ!। ਜਿਹ–ਜਿਨ੍ਹਾਂ ਨੇ। ਨ ਚੇਤਿਓ–ਸਿਮਰਿਆ ਨਹੀਂ। ਬੂਡੇ–ਡੁਬ ਗਏ। ਸਿਆਨੇ–ਸਿਆਣੇ ਲੋਕ।੪।੪।

ਟੇਢੀ ਪਾਗ ਟੇਢੇ ਚਲੇ, ਲਾਗੇ ਬੀਰੇ ਖਾਨ ॥ ਭਾਉ ਭਗਤਿ ਸਿਉ ਕਾਜੁ ਨ ਕਛੂਐ, ਮੇਰੋ ਕਾਮੁ ਦੀਵਾਨ ॥੧॥ ਰਾਮੁ ਬਿਸਾਰਿਓ ਹੈ ਅਭਿਮਾਨਿ ॥ ਕਨਿਕ ਕਾਮਨੀ ਮਹਾ ਸੁੰਦਰੀ, ਪੇਖਿ ਪੇਖਿ ਸਚੁ ਮਾਨਿ ॥੧॥ਰਹਾਉ॥ ਲਾਲਚ ਝੂਠ ਬਿਕਾਰ ਮਹਾ ਮਦ, ਇਹ ਬਿਧਿ ਅਉਧ ਬਿਹਾਨਿ ॥ ਕਹਿ ਕਬੀਰ ਅੰਤ ਕੀ ਬੇਰ, ਆਇ ਲਾਗੋ ਕਾਲੁ ਨਿਦਾਨਿ ॥੨॥੫॥ (ਜਿਹੜਾ ਮਨੁੱਖ ਹੰਕਾਰ ਵਿਚ) ਟੇਢੀ ਪੱਗ

ਬੰਨ੍ਹਦਾ ਹੈ ਤੇ ਆਕੜ ਕੇ ਟੇਢਾ ਚਲਦਾ ਹੈ ਅਤੇ ਪਾਨਾਂ ਦੇ ਬੀੜੇ ਖਾਣ ਲੱਗ ਪਿਆ ਹੈ। (ਤੇ ਆਖਦਾ ਹੈ ਕਿ) ਮੇਰਾ ਕੰਮ ਰਾਜ ਦਰਬਾਰ ਵਿਚ ਹੈ, ਪ੍ਰਭੂ ਨਾਲ ਪ੍ਰੇਮ ਤੇ ਪ੍ਰਭੂ ਦੀ ਭਗਤੀ ਨਾਲ ਮੇਰਾ ਕੁਛ ਕੰਮ ਨਹੀਂ।੧। ਹੰਕਾਰ ਵਿਚ ਆ ਕੇ ਮਨੁੱਖ ਨੇ ਰਾਮ ਨੂੰ ਭੁਲਾ ਦਿਤਾ ਹੈ। ਸੋਨਾ ਤੇ ਬਹੁਤ ਸੋਹਣੀ ਇਸਤ੍ਰੀ ਨੂੰ ਦੇਖ ਦੇਖ ਕੇ ਸੱਚ (ਸਦਾ ਰਹਿਣ ਵਾਲੇ) ਮੰਨੀ ਬੈਠਾ ਹੈ।੧। ਰਹਾਉ। (ਮਾਇਆ ਦਾ) ਲਾਲਚ, ਝੂਠ ਬੋਲਣਾ, ਵਿਸ਼ੇ ਵਿਕਾਰ ਤੇ ਬਹੁਤਾ ਹੰਕਾਰ ਕਰਨਾ, ਇਸੇ ਤਰ੍ਹਾਂ (ਹੰਕਾਰੀ ਮਨੁੱਖ ਦੀ) ਸਾਰੀ ਉਮਰ ਗੁਜਰ ਜਾਂਦੀ ਹੈ। ਕਬੀਰ ਜੀ ਆਖਦੇ ਹਨ ਕਿ ਅੰਤ ਦੇ ਸਮੇਂ ਓੜਕ ਨੂੰ ਕਾਲ ਆ ਲਗਦਾ ਹੈ।੨।੫।

ਪਦਾਰਥ = ਟੇਢੀ-ਵਿੰਗੀ। ਪਾਗ-ਪੱਗ। ਬੀਰੇ-ਪਾਨਾਂ ਦੇ ਬੀੜੇ। ਲਾਗੇ ਖਾਨ-ਖਾਣ ਲਗੇ ਹਨ। ਭਾਉ-ਪ੍ਰੇਮ। ਸਿਉ-ਨਾਲ। ਕਾਜੁ ਕਛੂਐ-ਕੁਛ ਕੰਮ (ਲੋੜ)। ਕਾਮੁ-ਕੰਮ। ਦੀਵਾਨ-ਰਾਜ ਦਰਬਾਰ ਵਿਚ।੧। ਰਾਮੁ-ਸਰਬ ਵਿਆਪਕ ਪ੍ਰਭੂ। ਬਿਸਾਰਿਓ-ਭੁਲਾ ਦਿਤਾ ਹੈ। ਅਭਿਮਾਨਿ-ਹੰਕਾਰ ਵਿਚ ਆ ਕੇ। ਕਨਿਕ-ਸੋਨਾ। ਕਾਮਨੀ-ਇਸਤ੍ਰੀ। ਮਹਾ ਸੁੰਦਰੀ-ਬਹੁਤ ਸੋਹਣੀ। ਪੇਖਿ-ਦੇਖ ਕੇ। ਸਚੁ ਮਾਨਿ-ਸੱਚ (ਸਦਾ ਰਹਿਣ ਵਾਲੇ) ਮੰਨਦਾ ਹੈ।੧। ਰਹਾਉ। ਬਿਕਾਰ-ਵਿਸ਼ੇ ਵਿਕਾਰ। ਮਹਾ ਮਦ-ਬਹੁਤਾ ਹੰਕਾਰ। ਇਹ ਬਿਧਿ-ਇਸ ਤਰ੍ਹਾਂ। ਅਉਧ-ਉਮਰ। ਬਿਹਾਨਿ-ਬੀਤ ਜਾਂਦੀ ਹੈ। ਬੇਰ-ਸਮਾਂ। ਆਇ ਲਾਗੋ-ਆ ਲਗਦਾ ਹੈ। ਕਾਲੁ-ਮੌਤ। ਨਿਦਾਨਿ-ਓੜਕ ਨੂੰ।੨।੫।

ਚਾਰਿ ਦਿਨ ਅਪਨੀ ਨਉਬਤਿ ਚਲੇ ਬਜਾਇ ॥ ਇਤਨਕੁ ਖਟੀਆ ਗਠੀਆ ਮਟੀਆ, ਸੰਗਿ ਨ ਕਛੂ ਲੈ ਜਾਇ ॥੧॥ਰਹਾਉ॥ ਦਿਹਰੀ ਬੈਠੀ ਮਿਹਰੀ ਰੋਵੈ, ਦੁਆਰੈ ਲਉ ਸੰਗਿ ਮਾਇ ॥ ਮਰਹਟ ਲਗਿ ਸਭੁ ਲੋਗੁ ਕੁਟੰਬੁ ਮਿਲਿ, ਹੰਸੁ ਇਕੇਲਾ ਜਾਇ ॥੧॥ ਵੈ ਸੁਤ ਵੈ ਬਿਤ ਵੈ ਪੁਰ ਪਾਟਨ, ਬਹੁਰਿ ਨ ਦੇਖੈ ਆਇ ॥ ਕਹਤੁ ਕਬੀਰੁ ਰਾਮੁ ਕੀ ਨ ਸਿਮਰਹੁ ,ਜਨਮੁ ਅਕਾਰਥੁ ਜਾਇ ॥੨॥੬॥ (ਮਨੁੱਖ ਰਾਜਾ ਬਣ ਕੇ) ਚਾਰ ਦਿਨ ਅਪਣੀ ਹਕੂਮਤ ਦਾ ਨਗਾਰਾ ਵਜਾ ਕੇ (ਰਾਜ ਦਾ ਸੁਖ ਭੋਗ ਕੇ ਦੁਨੀਆਂ ਤੋਂ) ਚਲੇ ਜਾਂਦਾ ਹੈ। {ਕਬੀਰ ਨਉਬਤਿ ਆਪਨੀ ਦਿਨ ਦਸ ਲੇਹੁ ਬਜਾਇ। ਨਦੀ ਨਾਵ ਸੰਜੋਗ ਜਿਉ ਬਹੁਰਿ ਨ ਮਿਲਹੈ ਆਇ ੧੩੬੯} (ਇਸ ਨੇ ਜੋ) ਇਤਨਾ ਧਨ ਖੱਟਿਆ, (ਕਮਾਇਆ ਧਨ ਕੁਛ ਤਾਂ) ਗੱਠਾਂ ਬੰਨ੍ਹ ਕੇ ਰੱਖ ਲਿਆ, ਕੁਛ ਮਿੱਟੀ ਵਿਚ ਦਬਾ ਦਿਤਾ; ਮਟਕਿਆਂ ਵਿਚ ਕੇ ਭਰ ਕੇ ਰੱਖ ਲਿਆ, (ਪਰ ਅੰਤ ਸਮੇਂ ਮਨੁੱਖ ਅਪਣੇ) ਨਾਲ ਕੁਛ ਵੀ ਲੈ ਕੇ ਨਹੀਂ ਜਾਂਦਾ (ਸਭ ਕੁਛ ਇਥੇ ਹੀ ਛਡ ਜਾਂਦਾ ਹੈ)।੧। ਰਹਾਉ। (ਜਦੋਂ ਬੰਦਾ ਮਰ ਜਾਂਦਾ ਹੈ, ਤਾਂ) ਦੇਹਲੀ ਤੇ ਬੈਠੀ ਘਰ ਵਾਲੀ ਇਸਤ੍ਰੀ ਰੋਂਦੀ ਹੈ, ਬਾਹਰ ਦੇ ਦਰਵਾਜੇ ਤੱਕ (ਉਸ ਦੀ) ਮਾਂ (ਰੋਂਦੀ ਹੋਈ ਉਸ ਦੀ ਅਰਥੀ) ਨਾਲ ਜਾਂਦੀ ਹੈ (ਆਮ ਤੌਰ ਤੇ ਇਸਤ੍ਰੀਆਂ ਮੜ੍ਹੀਆਂ ਤਕ ਨਹੀਂ ਜਾਂਦੀਆਂ। ਬਾਕੀ) ਸਾਰੇ ਲੋਕ ਅਤੇ ਪ੍ਰਵਾਰ ਦੇ ਬੰਦੇ ਮਿਲ ਕੇ ਮੜ੍ਹੀਆਂ ਤਕ ਜਾਂਦੇ ਹਨ, (ਪਰ ਅੱਗੇ ਪ੍ਰਲੋਕ ਨੂੰ) ਜੀਵਾਤਮਾ ਇਕੱਲਾ ਜਾਂਦਾ ਹੈ।੧।

ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੇ ਗਏ ਭਾਈ। ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ। (ਅੰਗ ੪੭੮)। ਦੇਹੁਰੀ ਲਉ ਬਰੀ ਨਾਰਿ ਸੰਗਿ ਭਈ ਆਗੈ ਸਜਨ ਸੁਹੇਲਾ। ਮਰਘਟ ਲਉ ਸਭੁ ਲੋਗੁ ਕੁਟੰਬੁ ਭਇਓ ਆਗੈ ਹੰਸੁ ਅਕੇਲਾ। (ਅੰਗ ੬੫੪)। (ਮਰਿਆ ਮਨੁੱਖ ਅਪਣੇ) ਉਹ ਪੁਤ੍ਰ, ਉਹ ਧਨ, ਉਹ ਨਗਰ ਤੇ ਸ਼ਹਿਰ (ਜੋ ਇਥੇ ਛਡ ਕੇ ਜਾਂਦਾ ਹੈ, ਉਹ) ਕਦੇ ਵੀ ਮੁੜ ਕੇ ਆ ਕੇ ਨਹੀਂ ਦੇਖਦਾ। ਕਬੀਰ ਜੀ ਆਖਦੇ ਹਨ ਕਿ (ਹੇ ਭਾਈ! ਤੂੰ) ਰਾਮ ਨੂੰ ਕਿਉਂ ਨਹੀਂ ਸਿਮਰਦਾ? (ਤੇਰਾ ਅਮੋਲਕ ਮਨੁੱਖਾ) ਜਨਮ ਬਿਅਰਥ ਜਾ ਰਿਹਾ ਹੈ।੨।੬ ।

ਪਦਾਰਥ = ਚਾਰਿ ਦਿਨ-ਬਹੁਤ ਥੋੜਾ ਸਮਾਂ। ਨਉਬਤਿ-ਵੱਡਾ ਨਗਾਰਾ; ਸਮਾਂ। ਬਜਾਇ-ਵਜਾ ਕੇ (ਹਕੂਮਤ ਕਰਕੇ)। ਇਤਨਕੁ-ਇਤਨੀ ਕੁ; ਥੋੜੀ ਜਿਹੀ। ਖਟੀਆ-ਧਨ ਕਮਾਇਆ। ਗਠੀਆ-ਗੱਠਾਂ ਬੰਨ੍ਹ ਲਈਆਂ। ਮਟੀਆ-ਮਟਕਿਆਂ ਵਿਚ; ਮਿੱਟੀ ਵਿਚ (ਦਬਾ ਦਿਤਾ)। ਸੰਗਿ-ਨਾਲ।੧। ਰਹਾਉ। ਦਿਹਰੀ-ਦੇਹਲੀ (ਦਹਿਲੀਜ਼)। ਮਿਹਰੀ-ਘਰ ਵਾਲੀ ਇਸਤ੍ਰੀ। ਦੁਆਰੈ ਲਉ-ਬਾਹਰਲੇ ਦਰਵਾਜੇ ਤੱਕ। ਮਾਇ-ਮਾਂ। ਮਰਹਟ ਲਗਿ-ਮੜ੍ਹੀਆਂ ਤੱਕ। ਸਭੁ ਲੋਗੁ-ਸਾਰੇ ਲੋਕ। ਕੁਟੰਬੁ-ਪ੍ਰਵਾਰ। ਮਿਲਿ-ਮਿਲ ਕੇ। ਹੰਸੁ-ਜੀਵਾਤਮਾ।੧। ਵੈ-ਉਹ। ਸੁਤ-ਪੁਤ੍ਰ। ਬਿਤ-ਧਨ ਦੌਲਤ। ਪੁਰ-ਨਗਰ। ਪਾਟਨ-ਸ਼ਹਿਰ। ਬਹੁਰਿ-ਮੁੜ ਦੁਬਾਰਾ। ਆਇ-ਆ ਕੇ। ਕੀ ਨ-ਕਿਉਂ ਨਹੀਂ । ਰਾਮੁ-ਸਰਬ ਵਿਆਪਕ ਪ੍ਰਭੂ। ਅਕਾਰਥੁ ਜਾਇ-ਬਿਅਰਥ ਜਾ ਰਿਹਾ ਹੈ।੨।੬।

ਰਾਗੁ ਕੇਦਾਰਾ ਬਾਣੀ ਰਵਿਦਾਸ ਜੀਉ ਕੀ ੧ੴ ਸਤਿਗੁਰ ਪ੍ਰਸਾਦਿ ॥ ਖਟੁ ਕਰਮ ਕੁਲ ਸੰਜੁਗਤੁ ਹੈ, ਹਰਿ ਭਗਤਿ ਹਿਰਦੈ ਨਾਹਿ ॥ ਚਰਨਾਰਬਿੰਦ ਨ ਕਥਾ ਭਾਵੈ, ਸੁਪਚ ਤੁਲਿ ਸਮਾਨਿ ॥੧॥ ਰੇ ਚਿਤ ਚੇਤਿ ਚੇਤ ਅਚੇਤ ॥ ਕਾਹੇ ਨ ਬਾਲਮੀਕਹਿ ਦੇਖ ॥ ਕਿਸੁ

ਜਾਤਿ ਤੇ ਕਿਹ ਪਦਹਿ ਅਮਰਿਓ, ਰਾਮ ਭਗਤਿ ਬਿਸੇਖ ॥੧॥ਰਹਾਉ॥ ਸੁਆਨ ਸਤ੍ਰੁ ਅਜਾਤੁ ਸਭ ਤੇ, ਕ੍ਰਿਸ੍ਨ ਲਾਵੈ ਹੇਤੁ ॥ ਲੋਗੁ ਬਪੁਰਾ ਕਿਆ ਸਰਾਹੈ, ਤੀਨਿ ਲੋਕ ਪ੍ਰਵੇਸ ॥੨॥ ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ,ਗਏ ਹਰਿ ਕੈ ਪਾਸਿ ॥ ਐਸੇ ਦੁਰਮਤਿ ਨਿਸਤਰੇ ,ਤੂ ਕਿਉ ਨ ਤਰਹਿ ਰਵਿਦਾਸ ॥੩॥੧॥ (ਹੇ ਭਾਈ! ਜੇ) ਕੋਈ ਪੰਡਤ ਛੇ ਧਾਰਮਕ ਕਰਮ ਵੀ ਕਰਦਾ ਹੋਵੇ ਤੇ ਉਹ ਉਚੀ ਕੁਲ ਸਹਿਤ ਵੀ ਹੋਵੇ, (ਪਰ ਜੇ ਉਸ ਦੇ) ਹਿਰਦੇ ਵਿਚ ਹਰੀ ਦੀ ਭਗਤੀ ਨਹੀਂ ਹੈ। ਅਤੇ (ਜੇ ਉਸ ਨੂੰ) ਪ੍ਰਭੂ ਦੇ ਚਰਨ ਕਮਲਾਂ ਦੀ ਕਥਾ ਚੰਗੀ ਨਹੀਂ ਲਗਦੀ, (ਤਾਂ ਉਹ) ਕੁੱਤਾ ਰਿੰਨ੍ਹ ਕੇ ਖਾਣ ਵਾਲੇ ਚੰਡਾਲ ਦੇ ਬਰਾਬਰ ਵਰਗਾ ਹੈ।੧। ਹੇ ਮੂਰਖ ਮਨ! ਚਿਤ ਵਿਚ ਪ੍ਰਭੂ ਨੂੰ ਚੇਤੇ ਕਰਿਆ ਕਰ। ਤੂੰ ਬਾਲਮੀਕ ਵੱਲ ਕਿਉਂ ਨਹੀਂ ਦੇਖਦਾ? (ਉਹ) ਕਿਸ ਨੀਵੀਂ ਜਾਤ ਤੋਂ ਕਿਸ ਉਚੇ ਪਦ ਉਤੇ ਪਹੁੰਚ ਗਿਆ ਸੀ, (ਇਹ) ਰਾਮ ਦੀ ਭਗਤੀ ਦੀ ਵਿਸ਼ੇਸ਼ਤਾ ਹੈ।੧। ਰਹਾਉ। (ਹੇ ਮਨ!) ਕੁੱਤਿਆਂ ਦਾ ਵੈਰੀ (ਬਾਲਮੀਕ) ਸਭ ਤੋਂ ਨੀਵੀਂ ਜਾਤ ਵਾਲਾ ਸੀ, (ਪਰ ਭਗਤੀ ਦਾ ਸਦਕਾ ਉਸ ਨੇ) ਪ੍ਰਭ ਨਾਲ ਪ੍ਰੇਮ ਲਾਇਆ; (ਜਿਸ ਨਾਲ) ਕ੍ਰਿਸ਼ਨ ਵੀ ਪ੍ਰੇਮ ਲਾਉਂਦਾ ਹੈ। ਜਗਤ ਵਿਚਾਰਾ (ਉਸ ਦੀ) ਕੀ ਵਡਿਆਈ ਕਰ ਸਕਦਾ ਹੈ, (ਪ੍ਰਭੂ ਦੀ ਭਗਤੀ ਦਾ ਸਦਕਾ ਉਸ ਦੀ ਵਡਿਆਈ ਤਾਂ) ਤਿੰਨਾਂ ਲੋਕਾਂ ਵਿਚ ਫੈਲ ਗਈ।੨। (ਹੇ ਮਨ! ਪਾਪੀ) ਅਜਾਮਲ, ਪਿੰਗਲਾ ਨਾਂ ਦੀ ਵੇਸਵਾ, ਲੋਦੀਆ ਨਾਂ ਦਾ ਸ਼ਿਕਾਰੀ ਅਤੇ ਹਾਥੀ, (ਇਹ ਸਾਰੇ ਹਰੀ ਦਾ ਨਾਮ ਜਪ ਕੇ) ਹਰੀ ਦੇ ਪਾਸ ਪਹੁੰਚ ਗਏ ਸਨ {ਬਾਲਮੀਕੁ ਸੁਪਚਾਰੋ ਤਰਿਓ ਬਧਿਕ ਤਰੇ ਬਿਚਾਰੇ। ਏਕ ਨਿਮਖ ਮਨ ਮਾਹਿ ਅਰਾਧਿਓ ਗਜਪਤਿ ਪਾਰਿ ਉਤਾਰੇ ੯੯੯} । ਐਸੇ ਖੋਟੀ ਬੁੱਧੀ ਵਾਲੇ (ਸੰਸਾਰ ਸਮੁੰਦਰ ਤੋਂ) ਤਰ ਗਏ ਹਨ, ਤਾਂ ਹੇ ਰਵਿਦਾਸ! ਤੂੰ ਕਿਉਂ ਨਹੀਂ ਤਰ ਸਕੇਂਗਾ? (ਪ੍ਰਭੂ ਦੀ ਕ੍ਰਿਪਾ ਨਾਲ ਜਰੂਰ ਪਾਰ ਉਤਾਰਾ ਹੋਵੇਗਾ)।੩।੧।

ਪਦਾਰਥ = ਖਟੁ ਕਰਮ–ਛੇ ਤਰ੍ਹਾਂ ਦੇ ਧਾਰਮਕ ਕਰਮ (ਸੰਧਿਆ, ਜਪ, ਹੋਮ, ਇਸ਼ਨਾਨ, ਦੇਵ ਅਰਚਾ ਅਤੇ ਅਤਿਥ ਪੂਜਾ)। ਕੁਲ ਸੰਜੁਗਤੁ–ਖਾਨਦਾਨ ਸਹਿਤ; ਖਾਨਦਾਨ ਵਾਲਾ। ਹਿਰਦੈ ਨਾਹਿ–ਹਿਰਦੇ ਵਿਚ ਨਹੀਂ। ਚਰਨਾਰਬਿੰਦ–ਚਰਨ ਕਮਲ। ਕਥਾ–ਸਿਫਤ ਸਲਾਹ ਵਾਲੀ ਕਥਾ। ਨ ਭਾਵੈ–ਚੰਗੀ ਨਹੀਂ ਲਗਦੀ। ਸੁਪਚ–ਕੁੱਤਾ ਰਿੰਨ੍ਹਣ ਵਾਲਾ ਚੰਡਾਲ; ਕੁਤੇ ਦਾ ਮਾਸ ਖਾਣ ਵਾਲਾ ਨੀਚ ਮਨੁੱਖ। ਤੁਲਿ ਸਮਾਨਿ–ਬਰਾਬਰ ਵਰਗਾ ਹੈ।੧। ਰੇ ਅਚੇਤ ਚਿਤ–ਹੇ ਮੂਰਖ ਮਨ!। ਚੇਤਿ ਚੇਤ–ਚਿਤ ਵਿਚ ਯਾਦ ਕਰਿਆ ਕਰ। ਕਾਹੇ ਨ–ਕਿਉਂ ਨਹੀਂ। ਬਾਲਮੀਕਹਿ–ਬਾਲਮੀਕ ਵੱਲ। ਤੇ–ਤੋਂ। ਕਿਹ ਪਦਹਿ–ਕਿਸ ਪਦਵੀ ਉਤੇ। ਅਮਰਿਓ–ਪਹੁੰਚ ਗਿਆ; ਅਮਰ ਹੋ ਗਿਆ । ਰਾਮ–ਵਿਆਪਕ ਵਾਹਿਗੁਰੂ। ਬਿਸੇਖ–ਵਿਸ਼ੇਸ਼ਤਾ; ਵਡਿਆਈ।੧। ਰਹਾਉ। ਸੁਆਨ ਸਤ੍ਰੁ–ਕੁੱਤਿਆਂ ਦਾ ਵੈਰੀ (ਕੁੱਤੇ ਮਾਰ ਕੇ ਖਾਣ ਵਾਲਾ)। ਅਜਾਤ–ਨੀਵੀਂ ਜਾਤ ਵਾਲਾ। ਸਭ ਤੇ–ਸਭ ਤੋਂ। ਕ੍ਰਿਸ੍ਨ–ਕ੍ਰਿਸ਼ਨ (ਪ੍ਰਭੂ)। ਲਾਵੈ ਹੇਤੁ–ਪ੍ਰੇਮ ਲਾਇਆ ਸੀ। ਲੋਗੁ ਬਪੁਰਾ–ਜਗਤ ਵਿਚਾਰਾ। ਕਿਆ ਸਰਾਹੈ–ਕੀ ਸ਼ਲਾਘਾ ਕਰ ਸਕਦਾ ਹੈ? ਤੀਨਿ ਲੋਕ–ਤਿੰਨ ਲੋਕ (ਅਕਾਸ਼; ਮਾਤ ਤੇ ਪਤਾਲ) ਲੋਕਾਂ ਵਿਚ। ਪ੍ਰਵੇਸ–ਫੈਲ ਗਿਆ।੨। ਦੁਰਮਤਿ–ਖੋਟੀ ਬੁੱਧੀ ਵਾਲੇ। ਨਿਸਤਰੇ–ਤਰ ਗਏ। ਕਿਉ ਨ ਤਰਹਿ–ਕਿਉਂ ਨਹੀਂ ਤਰੇਂਗਾ?।੩।੧।

ਅਜਾਮਲੁ = ਇਕ ਬ੍ਰਾਹਮਣ, ਜੋ ਵੇਸਵਾ ਨਾਲ ਰਹਿੰਦਾ ਸੀ, ਸੰਤਾਂ ਦੇ ਕਹਿਣ ਤੇ ਉਸ ਨੇ ਅਪਣੇ ਪੁਤ੍ਰ ਦਾ ਨਾਂ ਨਰਾਇਣ ਰੱਖਿਆ। ਮਰਨ ਵੇਲੇ ਪੁਤ੍ਰ ਨਰਾਇਣ ਨੂੰ ਅਵਾਜਾਂ ਮਾਰਦਾ ਮਾਰਦਾ ਸੱਚੇ ਨਰਾਇਣ ਨਾਲ ਮਨ ਜੁੜ ਗਿਆ ਤੇ ਮੁਕਤ ਹੋ ਗਿਆ।

ਪਿੰਗੁਲਾ = ਭਾਗਵਤ ਅਨੁਸਾਰ ਇਕ ਵੇਸਵਾ, ਜਿਸ ਨੇ ਇਕ ਸੰਤ ਦੀ ਸੇਵਾ ਕੀਤੀ। ਸੰਤ ਨੇ ਉਸ ਨੂੰ ਰਾਮ ਰਾਮ ਬੋਲਣ ਵਾਲਾ ਤੋਤਾ ਦਿਤਾ ਅਤੇ ਕਿਹਾ ਕਿ ਤੂੰ ਇਸ ਤੋਤੇ ਦੇ ਨਾਲ ਨਾਲ ਰਾਮ ਰਾਮ ਜਪਿਆ ਕਰ। ਉਹ ਰਾਮ ਜਪਦੀ ਮੁਕਤ ਹੋ ਗਈ।

ਲੁਭਤੁ = ਇਕ ਲੋਦੀਆ ਨਾਮ ਦਾ ਸ਼ਿਕਾਰੀ, ਜਿਸ ਨੂੰ ਬਹੁਤ ਸ਼ਿਕਾਰ ਮਿਲੇ। ਉਸ ਨੇ ਇਕ ਸ਼ਿਕਾਰ ਸੰਤਾਂ ਨੂੰ ਭੇਟ ਕਰ ਦਿਤਾ, ਸੰਤਾਂ ਨੇ ਕਿਹਾ ਇਹ ਸਾਡੇ ਕੰਮ ਦਾ ਨਹੀਂ। ਸਾਨੂੰ ਪ੍ਰਭੂ ਲੱਭ ਕੇ ਲਿਆ। ਸ਼ਿਕਾਰੀ ਲੱਭ ਕੇ ਥੱਕ ਗਿਆ, ਪਰ ਪ੍ਰਭੂ ਨਾ ਲੱਭਿਆ। ਇਸ ਤੇ ਮਾਯੂਸ ਹੋ ਕੇ ਮਰਨ ਲੱਗਾ, ਤਾਂ ਪ੍ਰਭੂ ਪ੍ਰਗਟ ਹੋਇਆ ਤੇ ਸ਼ਿਕਾਰੀ ਨੂੰ ਨਿਹਾਲ ਕੀਤਾ।

ਕੁੰਚਰੁ = ਭਾਗਵਤ ਅਨੁਸਾਰ ਇਕ ਗੰਧਰਬ, ਜੋ ਕਿਸੇ ਰਿਖੀ ਦੇ ਸਰਾਪ ਨਾਲ ਹਾਥੀ ਦੀ ਜੂਨ ਵਿਚ ਜਨਮਿਆ। ਇਸ ਨੂੰ ਵਰੁਣ ਦੇ ਤਲਾਬ ਵਿਚ ਇਕ ਤੰਦੂਏ ਨੇ ਅਪਣੀਆਂ ਤੰਦਾਂ ਵਿਚ ਪਕੜ ਲਿਆ ਸੀ। ਹਾਥੀ ਨੇ ਤੰਦੂਏ ਤੋਂ ਛੁੱਟਣ ਲਈ ਬੜਾ ਜੋਰ ਲਾਇਆ। ਜਦ ਥੱਕ ਗਿਆ ਤਾਂ ਇਸ ਨੇ ਹਰੀ ਨੂੰ ਯਾਦ ਕੀਤਾ, ਜਿਸ ਨਾਲ ਇਸ ਦਾ ਛੁਟਕਾਰਾ ਹੋਇਆ।